# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

ਮਾਸਟਰ ਪਰਮਵੇਦ

Epaper World Punjabi Times 09 ਦਸੰਬਰ 2025 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਨਵਜੋਤ ਕੌਰ ਸਿੱਧੂ ਨੂੰ ਉਨ੍ਹਾਂ ਦੀ ਵਿਵਾਦਪੂਰਨ "500 ਕਰੋੜ ਰੁਪਏ" ਵਾਲੀ ਟਿੱਪਣੀ ਤੋਂ ਬਾਅਦ ਤੁਰੰਤ ਪ੍ਰਭਾਵ ਨਾਲ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ, 9 ਦਸੰਬਰ : ਇੰਡੀਅਨ ਨੈਸ਼ਨਲ ਕਾਂਗਰਸ ਨੇ ਸੀਨੀਅਰ ਪਾਰਟੀ ਆਗੂ ਅਤੇ ਸਾਬਕਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੂੰ ਉਨ੍ਹਾਂ ਦੀ ਵਿਵਾਦਪੂਰਨ "500 ਕਰੋੜ ਰੁਪਏ" ਵਾਲੀ ਟਿੱਪਣੀ ਤੋਂ ਬਾਅਦ ਤੁਰੰਤ ਪ੍ਰਭਾਵ ਨਾਲ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੋਮਵਾਰ ਨੂੰ ਇੱਕ-ਲਾਈਨ ਮੁਅੱਤਲੀ ਦਾ ਹੁਕਮ ਜਾਰੀ ਕੀਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਡਾ. ਸਿੱਧੂ ਦੀ ਮੁਅੱਤਲੀ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗੀ।

ਡਾ. ਨਵਜੋਤ ਕੌਰ ਸਿੱਧੂ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਮੁਖੀ ਨਵਜੋਤ ਸਿੰਘ ਸਿੱਧੂ ਦੀ ਪਤਨੀ ਹਨ। ਇਸ ਮੁਅੱਤਲੀ ਨੂੰ ਸਿੱਧੂ ਪਰਿਵਾਰ ਲਈ ਇੱਕ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ, ਖਾਸ ਕਰਕੇ ਉਸ ਸਮੇਂ ਜਦੋਂ ਉਨ੍ਹਾਂ ਨੂੰ ਕਾਂਗਰਸ ਹਾਈ ਕਮਾਂਡ ਨਾਲ ਨੇੜਤਾ ਦਾ ਆਨੰਦ ਮਾਣਦੇ ਹੋਏ ਮੰਨਿਆ ਜਾਂਦਾ ਸੀ ਅਤੇ ਜਨਤਕ ਤੌਰ 'ਤੇ ਪ੍ਰਿਯੰਕਾ ਗਾਂਧੀ ਵਾਡਰਾ ਨਾਲ ਆਪਣੇ ਸਬੰਧਾਂ ਨੂੰ ਉਜਾਗਰ ਕੀਤਾ ਸੀ।

ਅਨੁਸ਼ਾਸਨੀ ਕਾਰਵਾਈ ਡਾ. ਸਿੱਧੂ ਦੇ ਸ਼ਨੀਵਾਰ ਨੂੰ ਦਿੱਤੇ ਬਿਆਨ ਤੋਂ ਬਾਅਦ ਕੀਤੀ ਗਈ ਹੈ ਜਿਸ ਵਿੱਚ ਉਨ੍ਹਾਂ ਦਾਅਵਾ ਕੀਤਾ ਸੀ ਕਿ ਮੁੱਖ ਮੰਤਰੀ ਬਣਨ ਲਈ "500 ਕਰੋੜ ਰੁਪਏ ਵਾਲਾ ਬ੍ਰੀਫਕੇਸ" ਜ਼ਰੂਰੀ ਹੈ। ਇਸ ਟਿੱਪਣੀ ਨੇ ਪਾਰਟੀ ਭਰ ਵਿੱਚ ਤਿੱਖੀ ਪ੍ਰਤੀਕਿਰਿਆ ਪੈਦਾ ਕੀਤੀ, ਜਿਸਦੀ ਸੂਬਾਈ ਅਤੇ ਕੇਂਦਰੀ ਲੀਡਰਸ਼ਿਪ ਦੋਵਾਂ ਵੱਲੋਂ ਤਿੱਖੀ ਆਲੋਚਨਾ ਕੀਤੀ ਗਈ। ਪੰਜਾਬ ਤੋਂ ਬਾਹਰਲੇ ਸੀਨੀਅਰ ਆਗੂਆਂ, ਜਿਨ੍ਹਾਂ ਵਿੱਚ ਕਰਨਾਟਕ ਦੇ ਆਗੂ ਵੀ ਸ਼ਾਮਲ ਹਨ, ਨੇ ਵੀ ਉਨ੍ਹਾਂ ਦੇ ਬਿਆਨ ਨੂੰ ਗੈਰ-ਜ਼ਿੰਮੇਵਾਰਾਨਾ ਦੱਸਿਆ।

ਡਾ. ਸਿੱਧੂ ਨੇ ਬਾਅਦ ਵਿੱਚ ਸੋਸ਼ਲ ਮੀਡੀਆ 'ਤੇ ਆਪਣੀ ਸਥਿਤੀ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਵਿਵਾਦ ਨੂੰ ਠੱਲ੍ਹ ਪਾਉਣ ਦੀ ਬਜਾਏ, ਉਨ੍ਹਾਂ ਦੀਆਂ ਬਾਅਦ ਦੀਆਂ ਟਿੱਪਣੀਆਂ ਨੇ ਵਿਵਾਦ ਨੂੰ ਹੋਰ ਵਧਾ ਦਿੱਤਾ ਕਿਉਂਕਿ ਉਨ੍ਹਾਂ ਨੇ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਉਪ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਮੇਤ ਕਈ ਸੀਨੀਅਰ ਪੰਜਾਬ ਕਾਂਗਰਸ ਆਗੂਆਂ 'ਤੇ ਨਵੇਂ ਹਮਲੇ ਕੀਤੇ।

ਇੱਕ ਪੰਜਾਬੀ ਨਿਊਜ਼ ਚੈਨਲ ਨਾਲ ਇੱਕ ਇੰਟਰਵਿਊ ਵਿੱਚ, ਉਨ੍ਹਾਂ ਨੇ ਦੋਸ਼ ਲਗਾਇਆ ਕਿ ਰਾਜਾ ਵੜਿੰਗ ਅਤੇ ਬਾਜਵਾ ਨੇ ਤਰਨਤਾਰਨ ਉਪ-ਚੋਣ ਲਈ ਕਾਂਗਰਸ ਦੀ ਟਿਕਟ ਦਿਵਾਉਣ ਲਈ ਕਰਨਵੀਰ ਸਿੰਘ ਬੁਰਜ ਤੋਂ 5-5 ਕਰੋੜ ਰੁਪਏ ਸਵੀਕਾਰ ਕੀਤੇ ਸਨ, ਜੋ ਬਾਅਦ ਵਿੱਚ ਉਹ ਹਾਰ ਗਏ। ਸਖ਼ਤ ਭਾਸ਼ਾ ਦੀ ਵਰਤੋਂ ਕਰਦੇ ਹੋਏ, ਉਨ੍ਹਾਂ ਨੇ ਸੀਨੀਅਰ ਪਾਰਟੀ ਆਗੂਆਂ ਨੂੰ "ਭ੍ਰਿਸ਼ਟ" ਅਤੇ "ਬੇਅਸਰ" ਕਰਾਰ ਦਿੱਤਾ, ਉਨ੍ਹਾਂ 'ਤੇ ਪੰਜਾਬ ਵਿੱਚ ਕਾਂਗਰਸ ਨੂੰ ਕਮਜ਼ੋਰ ਕਰਨ ਦਾ ਦੋਸ਼ ਲਗਾਇਆ।

ਇਸ ਤੋਂ ਪਹਿਲਾਂ, ਡਾ. ਸਿੱਧੂ ਨੇ ਇਹ ਵੀ ਕਿਹਾ ਸੀ ਕਿ ਉਨ੍ਹਾਂ ਦੇ ਪਤੀ ਸਰਗਰਮ ਰਾਜਨੀਤੀ ਵਿੱਚ ਤਾਂ ਹੀ ਵਾਪਸ ਆਉਣਗੇ ਜੇਕਰ ਉਨ੍ਹਾਂ ਨੂੰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦਾ ਮੁੱਖ ਮੰਤਰੀ ਚਿਹਰਾ ਐਲਾਨਿਆ ਜਾਂਦਾ ਹੈ। ਉਸਨੇ ਦਾਅਵਾ ਕੀਤਾ ਕਿ ਜੇਕਰ ਇਹ ਸ਼ਰਤ ਪੂਰੀ ਨਹੀਂ ਹੁੰਦੀ, ਤਾਂ ਉਹ ਆਪਣੀ ਮੌਜੂਦਾ ਪੇਸ਼ੇਵਰ ਸਫਲਤਾ ਅਤੇ ਨਿੱਜੀ ਸੰਤੁਸ਼ਟੀ ਦਾ ਹਵਾਲਾ ਦਿੰਦੇ ਹੋਏ ਸਰਗਰਮ ਰਾਜਨੀਤੀ ਤੋਂ ਦੂਰ ਰਹੇਗਾ।

ਹਾਲਾਂਕਿ ਉਸਨੇ ਕਿਹਾ ਕਿ ਅੰਤਿਮ ਫੈਸਲਾ ਕਾਂਗਰਸ ਹਾਈਕਮਾਨ ਕੋਲ ਹੈ, ਡਾ. ਸਿੱਧੂ ਨੇ ਸ਼ੱਕ ਪ੍ਰਗਟ ਕੀਤਾ ਕਿ ਮੌਜੂਦਾ ਹਾਲਾਤਾਂ ਵਿੱਚ ਅਜਿਹਾ ਕੋਈ ਕਦਮ ਚੁੱਕਿਆ ਜਾਵੇਗਾ। ਉਸਨੇ ਅੱਗੇ ਟਿੱਪਣੀ ਕੀਤੀ ਕਿ ਜੇਕਰ ਕੋਈ ਰਾਜਨੀਤਿਕ ਪਾਰਟੀ ਨਵਜੋਤ ਸਿੰਘ ਸਿੱਧੂ ਨੂੰ "ਪੰਜਾਬ ਦਾ ਪੁਨਰ ਨਿਰਮਾਣ" ਕਰਨ ਦਾ ਅਧਿਕਾਰ ਦਿੰਦੀ ਹੈ, ਤਾਂ ਉਹ ਰਾਜ ਨੂੰ ਬਦਲਣ ਦੇ ਯੋਗ ਹੋਵੇਗਾ, ਪਰ ਇਹ ਵੀ ਕਿਹਾ ਕਿ ਵਿੱਤ ਇੱਕ ਵੱਡੀ ਰੁਕਾਵਟ ਬਣਿਆ ਹੋਇਆ ਹੈ।

ਜਦੋਂ ਨਵਜੋਤ ਸਿੰਘ ਸਿੱਧੂ ਤੋਂ ਭਾਜਪਾ ਵਿੱਚ ਵਾਪਸ ਆਉਣ ਦੀ ਸੰਭਾਵਨਾ ਬਾਰੇ ਪੁੱਛਿਆ ਗਿਆ, ਤਾਂ ਉਸਨੇ ਕਿਹਾ ਕਿ ਉਹ ਉਨ੍ਹਾਂ ਵੱਲੋਂ ਨਹੀਂ ਬੋਲ ਸਕਦੀ, ਜਿਸ ਨਾਲ ਉਨ੍ਹਾਂ ਦੇ ਪਤੀ ਦੇ ਰਾਜਨੀਤਿਕ ਭਵਿੱਖ 'ਤੇ ਕਿਆਸਅਰਾਈਆਂ ਲੱਗ ਸਕਦੀਆਂ ਹ

## ਪੰਜਾਬੀ ਲੇਖਕ ਮੰਚ ਵੱਲੋਂ ਕਰਵਾਏ ਗਏ ਸਲਾਨਾਂ ਸਮਾਗਮ ਵਿੱਚ ਪੰਜਾਬ ਭਰ ਤੋਂ ਨਾਮਵਾਰ ਕਵੀ ਪਹੁੰਚੇ

### ਬਿਸਮਿਲ ਫਰੀਦਕੋਟੀ ਐਵਰਡ 2025 ਸੁਲੱਖਣ ਸਰਹੱਦੀ ਨੂੰ ਦਿੱਤਾ ਗਿਆ।

### ਗ਼ਜ਼ਲ ਸੰਗ੍ਰਹਿ "ਸੁਲਘਦੇ ਅਹਿਸਾਸ" ਕੀਤਾ ਲੋਕ ਅਰਪਣ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫਰੀਦਕੋਟ:09 ਦਸੰਬਰ : ਅੱਜ ਸਥਾਨਕ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਫ਼ਰੀਦਕੋਟ ਵਿਖੇ ਪੰਜਾਬੀ ਲੇਖਕ ਮੰਚ ਫ਼ਰੀਦਕੋਟ ਵੱਲੋਂ ਸਲਾਨਾ ਬਿਸਮਿਲ ਸਾਹਿਤਕ ਸਮਾਗਮ ਪ੍ਰਧਾਨ ਮਨਜਿੰਦਰ ਸਿੰਘ ਅਤੇ ਡਾ.ਧਰਮ ਪ੍ਰਵਾਨਾ ਜਰਨਲ ਸਕੱਤਰ ਦੀ ਯੋਗ ਅਗਵਾਈ ਵਿੱਚ ਕਰਵਾਇਆ ਗਿਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਕੁਲਇੰਦਰ ਸਿੰਘ ਸੇਖੋਂ ਐਡਵੋਕੇਟ ਤੇ ਸਾਬਕਾ ਪ੍ਰਧਾਨ ਜ਼ਿਲਾ ਬਾਰ ਐਸੋਸੀਏਸ਼ਨ ਫਰੀਦਕੋਟ, ਸੀਨੀਅਰ ਵਾਈਸ ਪ੍ਰਧਾਨ ਟਿੱਲਾ ਬਾਬਾ ਫਰੀਦ ਰਲੀਜਿਅਸ ਐਂਡ ਚੈਰੀਟੇਬਲ ਸੋਸਾਇਟੀ ਫਰੀਦਕੋਟ ਸਨ ਤੇ ਸਮਾਰੋਹ ਦੀ ਪ੍ਰਧਾਨਗੀ ਸ੍ਰੀ ਵਿਜੇ ਵਿਵੇਕ ਪ੍ਰਸਿੱਧ ਗਜ਼ਲਗੋ ਨੇ ਕੀਤਾ। ਪ੍ਰਧਾਨਗੀ ਮੰਡਲ ਵਿੱਚ ਡਾਕਟਰ ਗੁਰਚਰਨ ਕੌਰ ਕੋਚਰ,ਦੀਪ ਲੁਧਿਆਣਵੀ, ਸੁਰਿੰਦਰਪ੍ਰੀਤ ਘਣੀਆਂ, ਹਾਜ਼ਰ ਸਨ। ਜਦ ਕਿ ਵਿਸ਼ੇਸ਼ ਮਹਿਮਾਨਾਂ ਵਿੱਚ ਚ ਡਾਕਟਰ ਪ੍ਰਵੀਨ ਕੁਮਾਰ ਗੁਪਤਾ,ਐਮ., ਡੀ. ਡਾ ਸਿਰੀ ਰਾਮ ਹਸਪਤਾਲ ਫਰੀਦਕੋਟ, ਐਡਵੋਕੇਟ ਰਣਧੀਰ ਧੀਰ ਸੂਰੇਵਾਲੀਆ,ਸਰਬਜੀਤ ਸਿੰਘ ਬਰਾੜ ਰਿਟਾ ਬੀਡੀਪੀਓ,ਸ੍ਰੀ ਪਵਨ ਕੁਮਾਰ ਸ਼ਰਮਾ ਹਰੀ ਨੌਂ,ਹਰਦੀਪ ਸਿੰਘ ਫਿੱਡੂ ਅੰਤਰਰਾਸ਼ਟਰੀ ਕੁਸ਼ਤੀ ਕੋਚ ਸਨ । ਇਸ ਤੋਂ ਇਲਾਵਾ ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਦੇ ਪ੍ਰਧਾਨ ਕਰਨਲ ਬਲਬੀਰ ਸਿੰਘ ਸਰਾਂ, ਪ੍ਰਿੰਸੀਪਲ ਕੁਲਦੀਪ ਕੌਰ, ਵਿਸ਼ੇਸ਼ ਤੌਰ ਤੇ ਪੁੱਜੇ। ਮੰਚ ਸੰਚਾਲਨ ਕਰ ਰਹੇ ਪਵਨ ਸ਼ਰਮਾ ਨੇ ਸਮਾਗਮ ਦੀ ਸ਼ੁਰੂਆਤ ਬੂਟਾ ਸਿੰਘ ਅਰਾਈਆਂਵਾਲਾ ਵਾਲਾ ਦੇ ਧਾਰਮਿਕ ਗੀਤ ਨਾਲ ਕਰਵਾਈ । ਇਸ ਤੋਂ ਬਾਅਦ ਵਤਨਵੀਰ ਜ਼ਖ਼ਮੀ,ਜੀਤ ਕੰਮੇਆਣਾ, ਸਕੰਦਰ ਚੰਦਭਾਨ, ਊਸ਼ਾ ਤਨੇਜਾ, ਪ੍ਰਸਿੱਧ ਗਾਇਕ ਸੰਧੂ ਸੁਰਜੀਤ, ਪਾਲ ਰਸੀਲਾ , ਜਰਨੈਲ ਬਾਘਾ ,ਜੇ ਪੀ ਸਿੰਘ ਨੇ ਵੀ ਆਪਣੇ ਗੀਤਾਂ ਨਾਲ ਹਾਜ਼ਰੀ ਲਗਵਾਈ। ਇਸ ਤੋਂ ਬਾਅਦ ਮੰਚ ਸੰਚਾਲਨ ਡਾਕਟਰ ਧਰਮ ਪ੍ਰਵਾਨਾ ਨੇ ਕਰਦਿਆਂ ਕਵੀ ਦਰਬਾਰ ਸ਼ੁਰੂ ਕਰਵਾਇਆ ਜਿਸ ਵਿਚ ਪੰਜਾਬ ਦੇ ਪ੍ਰਸਿਧ ਨਾਮਵਰ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ, ਆਤਮਾ ਰਾਮ ਰੰਜਨ,ਮੀਤ ਬਠਿੰਡਾ, ਹਰਮੰਦਰ ਕੋਹਾਰਵਾਲਾ,ਹਰਦੀਪ ਮੁਰਾਦ ਵਾਲਾ, ਬਲਜਿੰਦਰ ਭਾਰਤੀ, ਡਾਕਟਰ ਗੁਰਚਰਨ ਕੌਰ ਕੋਚਰ,ਦੀਪ ਲੁਧਿਆਣਵੀ,ਵਿਜੇ ਵਿਵੇਕ ਨੇ ਆਪਣੀਆਂ ਚੌਣਵੀਆ ਗ਼ਜ਼ਲਾਂ ਦੇ ਸ਼ੈਅਰ ਸੁਣਾ ਕੇ ਪ੍ਰੋਗਰਾਮ ਨੂੰ ਪੂਰੇ ਸਿਖਰ ਤੇ ਪਹੁੰਚਾਇਆ।

ਇਸੇ ਸਮਾਰੋਹ ਦੇ ਦੌਰਾਨ ਪ੍ਰਵਾਸੀ ਲੇਖਕ ਸੁਲੱਖਣ ਸਿੰਘ ਮੈਹਮੀ ਦਾ ਸੁਲਘਦੇ ਅਹਿਸਾਸ (ਗ਼ਜ਼ਲ ਸੰਗ੍ਰਹਿ) ਪੁਸਤਕ ਵੀ ਲੋਕ ਅਰਪਣ ਕੀਤੀ ਗਈ।ਇਸ ਤੋਂ ਬਾਅਦ ਬਿਸਮਿਲ ਫਰੀਦਕੋਟੀ ਐਵਾਰਡ 2025 ਪ੍ਰਸਿੱਧ ਗਜ਼ਲਗੋ ਉਸਤਾਦ ਸ਼ਾਇਰ ਸੁਲੱਖਣ ਸਰਹੱਦੀ ਨੂੰ ਜਿਸ ਵਿਚ ਨਕਦ ਰਾਸ਼ੀ,ਮੇਮੋਂਟੋ,ਲੋਈ, ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਜੀਤ ਕੰਮੇਆਣਾ,ਕਸ਼ਮੀਰ ਸਿੰਘ ਲੱਕੀ ਕੰਮੇਆਣਾ,ਸਵਰਨ ਸਿੰਘ , ਬਲਵਿੰਦਰ ਸਿੰਘ ਬਜਾਜ ਨੇ ਵੀ ਸਾਥ ਦਿੱਤਾ।

ਇਸ ਸਮੇਂ ਮੁੱਖ ਮਹਿਮਾਨ ਸ ਕੁਲਇੰਦਰ ਸਿੰਘ ਸੇਖੋਂ,ਡਾ ਪ੍ਰਵੀਨ ਕੁਮਾਰ ਗੁਪਤਾ,ਸੁਲੱਖਣ ਸਰਹੱਦੀ, ਗੁਰਿੰਦਰ ਸਿੰਘ ਮਹਿੰਦੀਰੱਤਾ ਜ਼ਿਲਾ ਇੰਚਾਰਜ ਰੋਜ਼ਾਨਾ ਸਪੋਕਸਮੈਨ,ਨੇ ਵੀ ਆਪੋ ਆਪਣੇ ਖ਼ੂਬਸੂਰਤ ਵਿਚਾਰ ਰੱਖੇ।

ਇਸ ਸਮਾਰੋਹ ਵਿੱਚ , ਪੱਪੂ ਸਿਮਰੇ ਵਾਲਾ ਸੀਨੀਅਰ ਕਾਂਗਰਸ ਆਗੂ, ਬਲਬੀਰ ਸਿੰਘ ਧੀਰ, ਰਮੇਸ਼ ਕੌਂਸਲ, ਗੁਰਤੇਜ ਪੱਖੀ, ਸਾਹਿਬ ਕੰਮੇਆਣਾ,ਸੰਤੋਖ ਸਿੰਘ ਭਾਣਾ,ਪ੍ਰੋ ਮੁਕੇਸ਼ ਭੰਡਾਰੀ,ਸੀ ਪੀ ਆਈ ਫ਼ਰੀਦਕੋਟ ਦੇ ਪ੍ਰਧਾਨ ਅਸ਼ੋਕ ਕੌਸ਼ਲ,ਪ੍ਰੋ ਗੁਪਤਾ ਜੀ, ਬਲਵਿੰਦਰ ਔਲਖ,ਪ੍ਰੋਫੈਸਰ ਬੀਰਇੰਦਰ ਸਿੰਘ ਸਰਾਂ ,ਹਰਸੰਗੀਤ ਸਿੰਘ ਗਿੱਲ,ਭੋਲਾ ਪਿੱਪਲੀ ਵਾਲਾ,ਪਰਮ ਪੰਜਾਬੀ,ਕੇ.ਪੀ.ਸਿੰਘ ਸਰਾਂ ,ਨੀਲਮ ਰਾਣੀ, ਗਗਨਦੀਪ ਕੌਰ,ਨੇ ਸ਼ਿਰਕਤ ਤੇ ਸਮਾਰੋਹ ਆਨੰਦ ਮਾਣਿਆ। ਅੰਤ ਵਿੱਚ ਸਾਰੇ ਆਏ ਹੋਏ ਲੇਖਕਾਂ ਤੇ ਕਵੀਆਂ ਨੂੰ ਮੰਚ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਮੰਚ ਦੇ ਪ੍ਰਧਾਨ ਨੇ ਸਾਰੇ ਆਏ ਹੋਏ ਮਹਿਮਾਨਾਂ ਦਾ ਕਵੀ ਦਰਬਾਰ ਵਿੱਚ ਆਉਣ ਤੇ ਧੰਨਵਾਦ ਕੀਤਾ ।

## ਪਿੰਡ ਸੁੱਖਣਵਾਲਾ ਕਤਲ ਕਾਂਡ 'ਚ ਅਹਿਮ ਖੁਲਾਸੇ

### ਪਤਨੀ ਵੱਲੋਂ ਕਤਲ ਕੀਤੇ ਪਤੀ ਦੀ ਮੌਤ ਜਹਿਰ ਅਤੇ ਗਲਾ ਘੁੱਟਣ ਨਾਲ ਹੋਈ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 9 ਦਸੰਬਰ : ਭਾਵੇਂ ਗੁਰਵਿੰਦਰ ਸਿੰਘ ਦੇ ਕਤਲ ਕਾਂਡ ਦੇ ਮਾਮਲੇ ਵਿੱਚ ਲਗਾਤਾਰ ਵੱਡੇ ਵੱਡੇ ਖੁਲਾਸੇ ਅਤੇ ਪ੍ਰਗਟਾਵੇ ਹੋ ਰਹੇ ਹਨ ਪਰ ਗੁਰਵਿੰਦਰ ਦੀ ਪੋਸਟਮਾਰਟਮ ਦੀ ਰਿਪੋਰਟ ਮੁਤਾਬਿਕ ਉਸਨੂੰ ਪਹਿਲਾਂ ਜਹਿਰ ਦਿੱਤਾ ਗਿਆ ਤੇ ਫਿਰ ਉਸਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਗਿਆ। ਪੋਸਟਮਾਰਟਮ ਦੀ ਰਿਪੋਰਟ ਮੁਤਾਬਿਕ ਗੁਰਵਿੰਦਰ ਦੀ ਮੌਤ ਸਾਹ ਰੁਕਣ ਕਾਰਨ ਹੋਈ ਅਤੇ ਉਸਦੇ ਸਰੀਰ 'ਤੇ 10 ਤੋਂ 12 ਜਖਮਾ ਦੇ ਨਿਸ਼ਾਨ ਵੀ ਮਿਲੇ ਹਨ। ਪੁਲਿਸ ਦੀ ਜਾਂਚ ਦੌਰਾਨ ਮੁਲਜਮਾ ਨੇ ਮੰਨਿਆ ਕਿ ਪਤਨੀ ਰੁਪਿੰਦਰ ਕੌਰ ਨੇ ਆਪਣੇ ਪਤੀ ਦੀਆਂ ਬਾਹਾਂ ਫੜੀਆਂ ਹੋਈਆਂ ਸਨ, ਜਦਕਿ ਉਸਦੇ ਪ੍ਰੇਮੀ ਹਰਕੰਵਲਪ੍ਰੀਤ ਸਿੰਘ ਉਸਦਾ ਬੇਰਹਿਮੀ ਨਾਲ ਕਤਲ ਕਰ ਰਿਹਾ ਸੀ। ਪੁਲਿਸ ਵਲੋਂ ਸਖਤੀ ਨਾਲ ਕੀਤੀ ਪੁੱਛਗਿੱਛ ਤੋਂ ਬਾਅਦ ਸਾਹਮਣੇ ਆਇਆ ਕਿ ਪਤੀ ਦੇ ਕਤਲ ਦੀ ਵਾਰਦਾਤ ਨੂੰ ਲੁੱਟ ਖੋਹ ਦਿਖਾਉਣ ਦੇ ਯਤਨ ਵਿੱਚ ਰੁਪਿੰਦਰ ਕੌਰ ਨੇ ਆਪਣੇ ਪ੍ਰੇਮੀ ਹਰਕੰਵਲਪ੍ਰੀਤ ਸਿੰਘ ਨੂੰ ਘਰ ਵਿੱਚ ਰੱਖੇ ਸੋਨੇ ਦੇ ਗਹਿਣੇ ਦਿੱਤੇ ਸਨ ਪਰ ਰਿਮਾਂਡ ਦੌਰਾਨ ਪੁਲਿਸ ਨੇ ਉਸਦੇ ਪ੍ਰੇਮੀ ਤੋਂ ਸੋਨੇ ਦੇ ਗਹਿਣੇ ਵੀ ਬਰਾਮਦ ਕਰ ਲਏ। ਜਾਂਚ ਦੌਰਾਨ ਪਤਾ ਲੱਗਾ ਕਿ ਰੁਪਿੰਦਰ ਕੌਰ ਇੰਸਟਾਗ੍ਰਾਮ ਦੀ ਵੀ ਸ਼ੌਕੀਨ ਸੀ, ਬੁਟੀਕ ਦੇ ਸੂਟ ਦੀ ਬਰਾਂਡਿੰਗ ਦੇ ਬਹਾਨੇ ਉਹ ਅਕਸਰ ਪੰਜਾਬੀ ਗਾਣਿਆਂ 'ਤੇ ਰੀਲ ਬਣਾ ਕੇ ਸ਼ੇਅਰ ਕਰਦੀ ਰਹਿੰਦੀ ਸੀ। ਰੁਪਿੰਦਰ ਕੌਰ ਦੀ ਨਨਾਣ ਦੇ ਕੈਨੇਡਾ ਵਿੱਚ ਬੇਟਾ ਪੈਦਾ ਹੋਣ 'ਤੇ ਰੁਪਿੰਦਰ ਕੌਰ ਨੇ ਸੱਸ ਅਤੇ ਸਹੁਰੇ ਨੂੰ ਜਿੱਦ ਕਰਕੇ ਕੈਨੇਡਾ ਭੇਜਿਆ ਤੇ ਪਿੱਛੋਂ ਯੋਜਨਾਬੱਧ ਤਰੀਕੇ ਨਾਲ ਗੁਰਵਿੰਦਰ ਦਾ ਕਤਲ ਕਰ ਦਿੱਤਾ, ਜੋ ਮਾਪਿਆਂ ਦਾ ਇਕਲੌਤਾ ਵਾਰਸ ਸੀ। ਪੁਲਿਸ ਮੁਤਾਬਿਕ ਹਰਕੰਵਲਪ੍ਰੀਤ ਸਿੰਘ ਆਪਣੇ ਦੋਸਤ ਵਿਸ਼ਵਜੀਤ ਕੁਮਾਰ ਨਾਲ ਮੁੰਬਈ ਭੱਜਣ ਦੀ ਤਿਆਰੀ ਕਰ ਰਿਹਾ ਸੀ ਪਰ ਜਦੋਂ ਉਸਦੇ ਪਿਤਾ ਨੂੰ ਪੁਲਿਸ ਨੇ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਤਾਂ ਹਰਕੰਵਲਪ੍ਰੀਤ ਸਿੰਘ ਨੇ ਅਦਾਲਤ ਵਿੱਚ ਖੁਦ ਹੀ ਆਤਮ ਸਮਰਪਣ ਕਰ ਦਿੱਤਾ।

## ਇਨਕਲਾਬੀ ਜਮਹੂਰੀ ਲਹਿਰ ਦੇ ਜੁਝਾਰੂ ਸਾਥੀ ਨਾਮਦੇਵ ਭੁਟਾਲ ਦੀ ਦੂਜੀ ਬਰਸੀ ਦੇ ਮੌਕੇ 'ਤੇ ਜਮਹੂਰੀ ਹੱਕਾਂ ਨੂੰ ਦਰਪੇਸ਼ ਗੰਭੀਰ ਖ਼ਤਰਿਆਂ ਬਾਰੇ ਹੋਈ ਚਰਚਾ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 9 ਦਸੰਬਰ : ਲੋਕ ਚੇਤਨਾ ਮੰਚ, ਲਹਿਰਾਗਾਗਾ ਅਤੇ ਜਮਹੂਰੀ ਅਧਿਕਾਰ ਸਭਾ ਦੇ ਸੂਬਾਈ ਆਗੂ ਨਾਮਦੇਵ ਭੁਟਾਲ ਦੀ ਦੂਜੀ ਬਰਸੀ ਉਨ੍ਹਾਂ ਦੇ ਜੱਦੀ ਪਿੰਡ ਭੁਟਾਲ ਕਲਾਂ ਵਿਖੇ ਮਨਾਈ ਗਈ ਜਿਸ ਵਿੱਚ ਇਲਾਕੇ ਦੀਆਂ ਸਮੂਹ ਜਨਤਕ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਨੇਸ਼ਮੂਲੀਅਤ ਕੀਤੀ। ਇਸ ਮੌਕੇ 'ਤੇ ਹਾਜ਼ਰ ਸੈਂਕੜੇ ਲੋਕਾਂ ਵੱਲੋਂ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਆਪ ਸਰਕਾਰ ਨੂੰ ਅੰਨ੍ਹੇ ਕਾਰਪੋਰੇਟ ਵਿਕਾਸ ਦੀ ਧੁੱਸ ਵਿੱਚ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਤੋਂ ਆਪਣੇ ਨਾਪਾਕ ਹੱਥ ਪਰਾਂ ਰੱਖਣ ਦੀ ਚਿਤਾਵਨੀ ਦਿੱਤੀ ਗਈ।





ਬਰਸੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ ਅਤੇ ਜਮਹੂਰੀ ਅਧਿਕਾਰ ਸਭਾ ਦੇ ਸੂਬਾਈ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਮੰਡੀ ਕਲਾਂ ਨੇ ਸਾਥੀ ਨਾਮਦੇਵ ਭੁਟਾਲ ਨੇ ਆਪਣੀ ਜ਼ਿੰਦਗੀ ਦੇ ਪੰਜ ਦਹਾਕੇ ਮਿਹਨਤਕਸ਼ ਲੋਕਾਂ ਦੇ ਹੱਕੀ ਘੋਲਾਂ ਅਤੇ ਜਮਹੂਰੀ ਹੱਕਾਂ ਦੀ ਰਾਖੀ ਦੇ ਲੇਖੇ ਲਾਏ ਅਤੇ ਸਦਾ ਮੋਹਰੀ ਰੋਲ ਨਿਭਾਇਆ। ਉਨ੍ਹਾਂ ਕਿਹਾ ਕਿ ਮੌਜੂਦਾ ਦੌਰ ਵਿੱਚ ਲੋਕਾਂ ਦੇ ਜਮਹੂਰੀ ਹੱਕ ਗੰਭੀਰ ਖ਼ਤਰੇ ਦੀ ਮਾਰ ਹੇਠ ਹਨ। ਕੇਂਦਰ ਦੀ ਮੋਦੀ ਸਰਕਾਰ ਅੰਨ੍ਹੇ ਕਾਰਪੋਰੇਟ ਵਿਕਾਸ ਅਤੇ ਅਡਾਨੀ- ਅੰਬਾਨੀ ਵਰਗੇ ਚਹੇਤੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਲਈ ਨਾ ਸਿਰਫ਼ ਜਲ, ਜੰਗਲ ਤੇ ਜ਼ਮੀਨ ਤੋਂ ਆਦਿਵਾਸੀਆਂ ਤੇ ਕਿਸਾਨਾਂ ਨੂੰ ਉਜਾੜ ਰਹੀ ਹੈ ਸਗੋਂ ਇੰਝ ਕਰਕੇ ਦੇਸ਼ ਦੇ ਵਾਤਾਵਰਨ ਨੂੰ ਵੀ ਇਸ ਕਦਰ ਪਲੀਤ ਕਰ ਰਹੀ ਹੈ ਕਿ ਲੋਕਾਂ ਨੂੰ ਸਾਹ ਲੈਣਾ ਵੀ ਦੁੱਭਰ ਹੋ ਰਿਹਾ ਹੈ। ਉਨ੍ਹਾਂ ਅਪਰੇਸ਼ਨ ਕਗਾਰ ਤੁਰਤ ਬੰਦ ਕਰਨ ਅਤੇ ਝੂਠੇ ਪੁਲਸ ਮੁਕਾਬਲੇ ਬੰਦ ਕਰਨ ਦੀ ਮੰਗ ਕੀਤੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਸਭਾ ਦੇ ਜਿਲ੍ਹਾ ਪ੍ਰਧਾਨ ਜਗਜੀਤ ਭੁਟਾਲ, ਇਨਕਲਾਬੀ ਕੇਂਦਰ ਦੇ ਆਗੂ ਨਰੈਣ ਦੱਤ, ਬੀ ਕੇ ਯੂ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਪਟਿਆਲਾ, ਕ੍ਰਾਂਤੀਕਾਰੀ ਮਜ਼ਦੂਰ ਯੂਨੀਅਨ ਦੇ ਆਗੂ ਬਲਵਿੰਦਰ ਜਲੂਰ ਨੇ ਕਿਹਾ ਕਿ ਨਾਮਦੇਵ ਭੁਟਾਲ ਨੂੰ ਯਾਦ ਕਰਨ ਦਾ ਅਰਥ ਹੈ ਅੱਜ ਦੇ ਸਮੇਂ ਵਿੱਚ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਲੋਕਾਂ ਦੇ ਖੋਹੇ ਜਾ ਰਹੇ ਬੁਨਿਆਦੀ ਹੱਕਾਂ ਦੀ ਰਾਖੀ ਲਈ ਸੰਘਰਸ਼ ਵਿੱਚ ਡਟ ਕੇ ਲੋਕਾਂ ਦਾ ਸਾਥ ਦੇਣਾ। ਉਨ੍ਹਾਂ ਭਗਵੰਤ ਮਾਨ ਦੀ ਸਰਕਾਰ ਵਲੋਂ ਸਰਕਾਰੀ ਜ਼ਮੀਨਾਂ ਵੇਚਣ, ਰੋਡਵੇਜ਼ ਤੇ ਬਿਜਲੀ ਵਿਭਾਗ ਦਾ ਭੋਗ ਪਾਉਣ ਦੀ ਨੀਤੀ ਅਤੇ ਨਿੱਤ ਰੋਜ਼ ਬੇਰੁਜ਼ਗਾਰਾਂ ਤੇ ਮੁਲਾਜ਼ਮਾਂ ਤੇ ਪੁਲਸ ਜਬਰ ਬੰਦ ਕਰਨ ਦੀ ਮੰਗ ਕੀਤੀ। ਐਡਵੋਕੇਟ ਸੰਪੂਰਨ ਸਿੰਘ ਛਾਜਲੀ, ਕਾਮਰੇਡ ਬਸ਼ੇਸ਼ਰ, ਗਗਨਦੀਪ ਸਿੰਘ ਖੰਡੇਬਾਦ ਨੇ ਕਿਹਾ ਕਿ ਨਾਮਦੇਵ ਸੱਚੇ ਅਰਥਾਂ ਵਿੱਚ ਲੋਕਾਂ ਦਾ ਹਰਮਨ ਪਿਆਰਾ ਆਗੂ ਸੀ।

ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਜਨਕ ਸਿੰਘ ਭੁਟਾਲ, ਬੀ ਕੇ ਯੂ ਰਾਜੇਵਾਲ ਦੇ ਹਰਵਿੰਦਰ ਸਿੰਘ ਲਦਾਲ, ਪੰਜ਼ਾਬ ਕਿਸਾਨ ਯੂਨੀਅਨ ਦੇ ਬਲਵੀਰ ਜਲੂਰ, ਵਿਧੂ ਸ਼ੇਖਰ ਭਾਰਦਵਾਜ, ਮੰਚ ਦੇ ਸਕੱਤਰ ਹਰਭਗਵਾਨ ਸਿੰਘ ਗੁਰਨੇ, ਮਾਸਟਰ ਹੰਸ ਰਾਜ ਖਨੌਰੀ, ਭੀਮ ਮੰਡੇਰ, ਐਡਵੋਕੇਟ ਹਰੀਭਗਵਾਨ ਜੌਹਰ, ਡਾ ਅਵਤਾਰ ਸਿੰਘ ਢੀਂਡਸਾ, ਗੁਰਬਖਸ਼ੀਸ਼ ਬਰਾੜ, ਕੁਲਦੀਪ ਸਿੰਘ ਸੰਗਰੂਰ, ਅਮਰੀਕ ਖੋਖਰ, ਗੁਰਸੰਤ ਸਿੰਘ ਭੁਟਾਲ, ਪ੍ਰਵੀਨ ਖੋਖਰ, ਲਛਮਣ ਅਲੀਸ਼ੇਰ, ਸ਼ੇਰ ਸਿੰਘ ਛਾਜਲੀ, ਜਸਵੀਰ ਲਾਡੀ ਵੀ ਹਾਜ਼ਰ ਸਨ। ਲੋਕ ਗਾਇਕ ਅਜਮੇਰ ਅਕਲੀਆ, ਜਗਦੀਸ਼ ਪਾਪੜਾ, ਤਾਰਾ ਸਿੰਘ ਛਾਜਲੀ ਤੇ ਗੁਰਪਿਆਰ ਸਿੰਘ ਕਲਵੰਜਰਾ ਨੇ ਇਨਕਲਾਬੀ ਗੀਤ ਗਾਏ। ਅੰਤ ਵਿੱਚ ਮਰਹੂਮ ਸਾਥੀ ਨਾਮਦੇਵ ਦੇ ਬੇਟੇ ਦਿਲਪ੍ਰੀਤ ਦੀਪੀ ਅਤੇ ਮੰਚ ਸੰਚਾਲਕ ਮਾਸਟਰ ਰਘਬੀਰ ਭੁਟਾਲ ਨੇ ਸਭ ਦਾ ਧੰਨਵਾਦ ਕਰਦਿਆਂ ਸਾਥੀ ਨਾਮਦੇਵ ਭੁਟਾਲ ਦੇ ਪਾਏ ਪੂਰਨਿਆਂ ਤੇ ਚੱਲਣ ਦਾ ਯਕੀਨ ਦਿਵਾਇਆ।

## ਰੋਪੜ ਦੀ ਨੰਨ੍ਹੀ ਪਰੀ ਕੋਹਿਨੂਰ ਕੌਰ ਨੇ ਕਰਾਟੇ ਵਿੱਚ ਜਿੱਤਿਆ ਕਾਂਸੇ ਦਾ ਤਮਗਾ

ਵਰਲਡ ਪੰਜਾਬੀ ਟਾਈਮਜ਼ ਰੋਮੀ ਘੜਾਮੇਂ ਵਾਲਾ



ਰੋਪੜ, 09 ਦਸੰਬਰ : ਸਾਹਿਬਜ਼ਾਦਾ ਅਜੀਤ ਸਿੰਘ ਅਕੈਡਮੀ, ਰੋਪੜ ਵਿੱਚ ਚੌਥੀ ਜਮਾਤ ਦੀ ਵਿਦਿਆਰਥਣ ਕੋਹਿਨੂਰ ਕੌਰ (9ਸਾਲ) ਨੇ ਆਪਣੇ ਨਾਮ ਵਰਗਾ ਪ੍ਰਦਰਸ਼ਨ ਕਰਦਿਆਂ 45ਵੀਆਂ ਪੰਜਾਬ ਸੂਬਾ ਪੱਧਰੀ ਪ੍ਰਇਮਰੀ ਸਕੂਲ ਖੇਡਾਂ 2025-26 ਕਰਾਟੇ ਮੁਕਾਬਿਲਆਂ ਦੇ 34+ ਕਿੱਲੋ ਭਾਰ ਵਰਗ ਵਿੱਚ ਕਾਂਸੇ ਦਾ ਤਮਗਾ ਜਿੱਤ ਕੇ ਆਪਣੇ ਪੰਜਾਬ, ਜਿਲ੍ਹੇ, ਸਕੂਲ ਅਤੇ ਮਾਪਿਆਂ ਦਾ ਮਾਣ ਵਧਾਇਆ। ਇਸ ਮਾਣਮੱਤੀ ਪ੍ਰਾਪਤੀ ਲਈ ਕੋਹਿਨੂਰ ਨੂੰ ਜਿਲ੍ਹਾ ਸਿੱਖਿਆ ਅਫ਼ਸਰ (ਪ੍ਰਾ.) ਸ਼ਮਸ਼ੇਰ ਸਿੰਘ, ਉੱਪ ਜਿਲ੍ਹਾ ਸਿੱਖਿਆ ਅਫ਼ਸਰ (ਪ੍ਰਾ.) ਰੰਜਨਾ ਕਟਿਆਲ ਅਤੇ ਜੁਝਾਰ ਸਿੰਘ (ਵਰਲਡ ਚੈਂਪੀਅਨ ਪਾਵਰ ਸਵੈਪ) ਨੇ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਗੁਰਪ੍ਰੀਤ ਸਿੰਘ ਚੇਅਰਮੈਨ ਕੌਰ ਵੈੱਲਫੇਅਰ ਫਾਊਂਡੇਸ਼ਨ, ਜੈ ਦੇਵ ਸਿੰਘ ਮੁੱਖ ਸਲਾਹਕਾਰ ਕੌਰ ਵੈੱਲਫੇਅਰ ਫਾਊਂਡੇਸ਼ਨ, ਸਤਨਾਮ ਸਿੰਘ ਪ੍ਰਧਾਨ ਕਰਾਟੇ ਐਸੋਸੀਏਸ਼ਨ, ਸੰਦੀਪ ਕੁਮਾਰ ਸਕੱਤਰ ਕਰਾਟੇ ਐਸੋਸੀਏਸ਼ਨ, ਇੰਚਾਰਜ ਦਵਿੰਦਰ ਸਿੰਘ, ਮੀਨਾ ਰਾਣੀ (ਬੀ.ਪੀ.ਈ.ਓ ), ਗੁਰਚਰਨ ਸਿੰਘ (ਬੀ.ਐਨ.ਓ) ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਜੰਗਲ਼ ਰਾਜ

ਕਿਧਰੇ ਹੋਈ ਜਾਣ ਬਲਾਤਕਾਰ ਇੱਥੇ,
ਚੱਲਣ ਗੋਲੀਆਂ ਤਾੜ-ਤਾੜ ਸਾਈਂ।

ਧਰਨੇ ,ਮੁਜ਼ਾਹਰਿਆਂ,ਸੜਕਾਂ ਚੌਂਕ ਘੇਰੇ,
ਲਈ ਬੈਠੇ ਮੰਗਾਂ ਦੀ ਆੜ ਸਾਈਂ।

ਚੋਰੀਆਂ ਡਕੈਤੀਆਂ ਇੱਥੇ ਵੱਧ ਚੱਲੀਆਂ,
ਨਸ਼ਾ ਵਿਕਦਾ ਗਲ਼ੀ ਗੁਵਾੜ ਸਾਈਂ।

ਗਿਣਤੀਓ ਬਾਹਰ,ਅਲਾਮਤਾਂ ਹੋਰ ਵੀ ਨੇ,
ਕਰੀ ਜਾਂਦੀਆਂ ਨਿੱਤ ਉਜਾੜ ਸਾਈਂ।


ਰਾਜ ਜੰਗਲ ਦਾ ਹੋਇਆ ਹੈ ਇੱਥੇ,
ਜਿਓਂ ਸਿਖ਼ਰ ਦੁਪਹਿਰ ਜੇਠ ਹਾੜ ਸਾਈਂ।

ਪੰਜ ਆਬ ਦੀ ਧਰਤੀ ਇਹ ਸੀ ਸਾਡੀ,
ਦਿੱਤੀ ਬੁਰੀਆਂ ਨਜ਼ਰਾਂ ਸਾੜ ਸਾਈਂ।

'ਪੱਤੋ' ਬਚਾਵੇ ਕੋਈ ਰੰਗਲੇ ਪੰਜਾਬ ਤਾਂਈ,
ਦੇਵੇ ਪੱਟ ਕੰਡਿਆਲੀ ਵਾੜ ਸਾਈ।

ਵਰਲਡ ਪੰਜਾਬੀ ਟਾਈਮਜ਼ ਹਰਪ੍ਰੀਤ ਪੱਤੋ

## ਮੱਖਣ ਮਾਨ ਦਾ 'ਰੰਗਾਂ ਦੀ ਗੁਫ਼ਤਗੂ' ਲੋਕ ਹਿੱਤਾਂ ਦਾ ਪਹਿਰੇਦਾਰ ਕਾਵਿ-ਸੰਗ੍ਰਹਿ




ਮੱਖਣ ਮਾਨ ਲੋਕ ਹਿੱਤਾਂ ਦੀ ਪਹਿਰੇਦਾਰੀ ਕਰਨ ਵਾਲੀਆਂ ਕਵਿਤਾਵਾਂ ਲਿਖਦਾ ਹੈ। ਚਰਚਾ ਅਧੀਨ 'ਰੰਗਾਂ ਦੀ ਗੁਫ਼ਤਗੂ' ਉਸਦਾ ਦੂਜਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸਦਾ ਇੱਕ 'ਬਿਰਸਾ ਮੁੰਡਾ ਦਾ ਪੁਨਰ ਜਨਮ' ਕਾਵਿ-ਸੰਗ੍ਰਹਿ 2019 ਵਿੱਚ ਪ੍ਰਕਾਸ਼ਿਤ ਹੋ ਚੁੱਕਾ ਹੈ। ਉਸਦਾ 'ਬਿਰਸਾ ਮੁੰਡਾ ਦਾ ਪੁਨਰ ਜਨਮ' ਕਾਵਿ-ਸੰਗ੍ਰਹਿ ਕਾਫ਼ੀ ਚਰਚਾ ਵਿੱਚ ਰਿਹਾ ਹੈ, ਇੱਕ ਕਿਸਮ ਨਾਲ ਇਸ ਕਾਵਿ-ਸੰਗ੍ਰਹਿ ਦੇ ਪ੍ਰਕਾਸ਼ਿਤ ਹੋਣ ਨਾਲ ਉਹ ਸਾਹਿਤਕ ਗਲਿਆਰਿਆਂ ਵਿੱਚ ਕਵੀ ਦੇ ਤੌਰ 'ਤੇ ਜਾਣਿਆਂ ਜਾਣ ਲੱਗ ਪਿਆ ਸੀ। ਭਾਵੇਂ ਇਸ ਤੋਂ ਪਹਿਲਾਂ ਉਸਦਾ ਮੌਲਿਕ ਕਹਾਣੀ-ਸੰਗ੍ਰਹਿ 'ਖੌਲਦੇ ਪਾਣੀ' (ਪੰਜਾਬੀ) ਤੇ 'ਸਿਮਰਤੀ ਭੋਜ' ਕਹਾਣੀ-ਸੰਗ੍ਰਹਿ (ਹਿੰਦੀ) ਵਿੱਚ ਪ੍ਰਕਾਸ਼ਤ ਹੋ ਚੁੱਕੇ ਸਨ। ਇਸ ਤੋਂ ਇਲਾਵਾ ਚਾਰ ਸੰਪਾਦਿਤ ਕਹਾਣੀ-ਸੰਗ੍ਰਹਿ 'ਵਗਦੇ ਪਾਣੀ', 'ਪੱਥਰਾਂ 'ਤੇ ਤੁਰਦੇ ਲੋਕ', 'ਨਵੀਂ ਕਹਾਣੀ ਨਵੇਂ ਨਕਸ਼-1' ਅਤੇ 'ਨਵੀਂ ਕਹਾਣੀ ਨਵੇਂ ਨਕਸ਼-2' ਵੀ ਪ੍ਰਕਾਸ਼ਿਤ ਹੋ ਚੁੱਕੇ ਹਨ। ਮੱਖਣ ਮਾਨ ਦਾ 'ਰੰਗਾਂ ਦੀ ਗੁਫ਼ਤਗੂ' ਆਪਣੀ ਕਿਸਮ ਦਾ ਨਿਵੇਕਲਾ ਕਾਵਿ-ਸੰਗ੍ਰਹਿ ਹੈ, ਜਿਸ ਵਿੱਚ ਵੱਖੋ-ਵੱਖਰੇ ਰੰਗ ਵਿਖੇਰਦੀਆਂ 45 ਖੁਲ੍ਹੀਆਂ ਵਿਚਾਰ ਪ੍ਰਧਾਨ ਕਵਿਤਾਵਾਂ ਹਨ, ਜਿਹੜੀਆਂ ਸਮਾਜ ਦੇ ਹਰ ਵਰਗ ਪ੍ਰੰਤੂ ਖਾਸ ਤੌਰ 'ਤੇ ਦਲਿਤ ਸਮਾਜ ਦੀ ਪ੍ਰਤੀਨਿਧਤਾ ਕਰਦੀਆਂ ਲੱਗਦੀਆਂ ਹਨ। ਇਸ ਕਾਵਿ-ਸੰਗ੍ਰਹਿ ਵਿੱਚ ਸ਼ਾਇਰ ਨੇ ਸਮਾਜ ਦੇ ਦੱਬੇ ਕੁਚਲੇ ਗ਼ਰੀਬ ਲੋਕਾਂ ਦੀ ਜਦੋਜਹਿਦ ਵਾਲੀ ਜ਼ਿੰਦਗੀ ਦੀ ਤ੍ਰਾਸਦੀ ਨਾਲ ਸੰਬੰਧਤ ਕਵਿਤਾਵਾਂ ਲਿਖੀਆਂ ਹਨ। ਇਹ ਕਵਿਤਾਵਾਂ ਗ਼ਰੀਬੀ ਕਰਕੇ ਸਮਾਜਿਕ, ਆਰਥਿਕ ਅਤੇ ਸਭਿਆਚਾਰਿਕ ਸੰਤਾਪ ਹੰਢਾ ਰਹੇ ਲੋਕਾਂ ਦੀ ਬਰਾਬਰੀ ਦੇ ਹੱਕ ਲੈਣ ਲਈ ਇੱਕਮੁਠਤਾ ਨਾਲ ਜੁੱਟ ਕੇ ਕੰਮ ਕਰਨ ਦੀ ਪ੍ਰੋੜ੍ਹਤਾ ਕਰਦੀਆਂ ਹਨ। ਉਸਦੀਆਂ ਕਵਿਤਾਵਾਂ ਲੋਕਾਈ ਦਾ ਦਰਦ-ਦੁਖਾਂਤ, ਜ਼ੋਰ-ਜ਼ਬਰਦਸਤੀ, ਜ਼ਬਰ-ਜ਼ੁਲਮ ਅਤੇ ਹੋ ਰਹੀ ਬੇਇਨਸਾਫ਼ੀ ਦੀ ਪੀੜਾ ਨੂੰ ਉਘਾੜਦੀਆਂ ਹਨ, ਤਾਂ ਜੋ ਇਹ ਲੋਕ ਆਪਣੇ ਹੱਕਾਂ ਬਾਰੇ ਜਾਗਰੂਕ ਹੋ ਕੇ ਸਮਾਨਤਾ ਦੇ ਹੱਕ ਪ੍ਰਾਪਤ ਕਰ ਸਕਣ। ਮੱਖਣ ਮਾਨ ਦੀਆਂ ਕਵਿਤਾਵਾਂ ਸਿਰਫ ਇਨ੍ਹਾਂ ਲੋਕਾਂ ਦੇ ਦੁਖਾਂਤ ਦਾ ਪ੍ਰਗਟਾਵਾ ਹੀ ਨਹੀਂ ਕਰਦੀਆਂ ਸਗੋਂ, ਸਮਾਜ, ਸਰਕਾਰਾਂ, ਸਿਆਸਤਦਾਨਾਂ ਅਤੇ ਪ੍ਰਬੰਧਕਾਂ ਨੂੰ ਸਵਾਲ ਵੀ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਦਾ ਮੁੱਖ ਮੰਤਵ ਗ਼ਰੀਬ ਵਰਗ, ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਉਨ੍ਹਾਂ ਦੇ ਆਪਣੇ ਦੁਖਾਂਤ ਬਾਰੇ ਸੁਚੇਤ ਕਰਨਾ ਹੈ। ਜੇਕਰ ਗ਼ਰੀਬ ਲੋਕ ਸੁਚੇਤ ਹੋ ਜਾਣਗੇ ਤਾਂ ਆਪਣੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਲਈ ਯੋਜਨਾਬੱਧ ਢੰਗ ਨਾਲ ਲੜਾਈ ਲੜ ਸਕਦੇ ਹਨ। ਇਨ੍ਹਾਂ ਵਰਗਾਂ ਦਾ ਭਲਾ ਰਾਜਨੀਤਕ ਪ੍ਰਣਾਲੀ ਰਾਹੀਂ ਹੀ ਹੋ ਸਕਦਾ ਹੈ, ਇਸ ਲਈ ਸ਼ਾਇਰ ਦੀਆਂ ਕਵਿਤਾਵਾਂ ਰਾਜਨੀਤਕ ਲੋਕਾਂ ਨੂੰ ਸੋਚਣ ਲਈ ਮਜ਼ਬੂਰ ਕਰਨ ਵਾਲੀਆਂ ਹਨ। ਇਹ ਕਵਿਤਾਵਾਂ ਜ਼ਾਤ-ਪਾਤ ਤੇ ਉਚ-ਨੀਚ ਦੀ ਪ੍ਰਵਿਰਤੀ ਰਾਹੀਂ ਸਮਾਜਿਕ ਪ੍ਰਣਾਲੀ ਵੱਲੋਂ ਇਨ੍ਹਾਂ ਵਰਗਾਂ ਦੇ ਸਵੈ-ਮਾਣ ਨੂੰ ਖ਼ਤਮ ਕਰਨ ਲਈ ਕੀਤੀਆਂ ਜਾਂਦੀਆਂ ਕਾਰਵਾਈਆਂ ਨੂੰ ਰੋਕਣ ਵਿੱਚ ਸਹਾਈ ਹੋਣਗੀਆਂ। ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਰਾਜਨੀਤਕ ਲੋਕਾਂ ਦੀ ਕੂੜ ਰਾਜਨੀਤੀ ਨੂੰ ਸਮਝਣ ਲਈ ਪ੍ਰੇਰਿਤ ਕਰਦੀਆਂ ਹਨ। ਸ਼ਾਇਰ ਦਲਿਤ ਵਰਤਾਰੇ ਦੀ ਰਾਜਨੀਤੀ ਨੂੰ ਭਲੀ ਪ੍ਰਕਾਰ ਸਮਝਦਾ ਹੋਇਆ, ਇਨ੍ਹਾਂ ਕਵਿਤਾਵਾਂ ਦੇ ਮਾਧਿਅਮ ਰਾਹੀਂ ਸਰਕਾਰ ਦੀ ਆਰਥਿਕ ਤੇ ਪ੍ਰਬੰਧਕੀ ਨੀਤੀ ਦਾ ਪ੍ਰਗਟਾਵਾ ਵੀ ਕਰਦਾ ਹੈ, ਜਿਸ ਨਾਲ ਰਾਜਨੀਤੀ ਵਿੱਚ ਧਰਮ, ਮੂਲਵਾਦ, ਫ਼ਿਰਕਾਪ੍ਰਸਤੀ ਦੇ ਤਾਣੇ-ਬਾਣੇ ਨਾਲ ਜਕੜਿਆ ਹੋਇਆ ਹੈ। ਸ਼ਾਇਰ ਆਪਣੀ 'ਸ਼ਾਹ ਰਗ਼ 'ਚ ਬੁਝਦੀ ਜਗਦੀ ਕੈਨਵਸ' ਸਿਰਲੇਖ ਵਾਲੀ ਕਵਿਤਾ ਵਿੱਚ ਲਿਖਦਾ ਹੈ ਕਿ ਗ਼ਰੀਬ ਦਲਿਤ 'ਤੇ ਜੋ ਅਤਿਆਚਾਰ ਹੋ ਰਹੇ ਹਨ, ਇਹ ਹਲਕਾਏ ਲੋਕਾਂ ਦੀ ਮਾਨਸਿਕਤਾ ਹੈ ਕਿ ਉਹ ਦਲਿਤਾਂ ਨੂੰ ਪੈਰ-ਪੈਰ 'ਤੇ ਕੁਚਲ ਰਹੇ ਹਨ। ਇਸ ਕਵਿਤਾ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ:

ਹਲਕਾਅ ਦੀ ਦਹਿਸ਼ਤ
ਕਿੱਥੋਂ-ਕਿੱਥੋਂ ਦੀ ਹੋ ਆਈ ਹੈ
ਕੋਈ ਵੀ ਕੋਨਾ ਮਹਿਫ਼ੂਜ਼ ਨਹੀਂ ਬਚਿਆ ਹੈ
ਜ਼ਿੰਦਗੀ ਦਾ ਪਹੀਆ ਲੀਹੋਂ ਲਹਿ ਗਿਆ ਹੈ
ਹਲਕਾਈ ਕਤੀੜ
ਕਿਸੇ ਅਬਦਾਲੀ ਜਾਂ ਗਜ਼ਨਬੀ ਵਾਂਗ
ਲੈਸ ਹੋ ਕੇ ਨਹੀਂ ਆਈ
ਉਹ ਤਾਂ ਸਾੜ੍ਹ-ਸਤੀ ਬਣ
ਸਾਡੀਆਂ ਬਰੂਹਾਂ 'ਚ ਚੁੱਪ-ਚੁਪੀਤੇ ਦਾਖ਼ਲ ਹੋਈ
ਬਹੁਤ ਕੁੱਝ ਤਹਿਸ-ਨਹਿਸ ਕਰ ਗਈ
ਤੇ ਅਸੀਂ ਡਰਦੇ ਮਾਰੇ
ਘਰਾਂ 'ਚ ਕੱਛੂਕੁੰਮੇ ਬਣ ਗਏ ਹਾਂ

ਇਸ ਇੱਕ ਕਵਿਤਾ ਵਿੱਚ ਅਨੇਕਾਂ ਸਵਾਲ ਖੜ੍ਹੇ ਕੀਤੇ ਗਏ ਹਨ, ਜਿਨ੍ਹਾਂ ਦਾ ਜਵਾਬ ਦਲਿਤ ਸਮਾਜ ਸਰਕਾਰਾਂ ਤੋਂ ਮੰਗਦਾ ਹੈ। ਸ਼ਾਇਰ ਆਪਣੀਆਂ ਕਵਿਤਾਵਾਂ ਵਿੱਚ ਵਹਿਮਾਂ- ਭਰਮਾ ਦੇ ਜੰਜ਼ਾਲ ਵਿੱਚੋਂ ਨਿਕਲਕੇ ਬਗ਼ਾਬਤ ਦੀ ਰੌਂ ਉਸਾਰਨ ਦੀ ਤਾਕੀਦ ਕਰਦਾ ਹੈ। ਮੱਖਣ ਮਾਨ ਆਪਣੀਆਂ ਕਵਿਤਾਵਾਂ ਵਿੱਚ ਦੱਸਦਾ ਹੈ ਕਿ ਮੁਹੱਬਤਾਂ ਸਰੀਰਾਂ ਨਾਲ ਨਹੀਂ ਸਗੋਂ ਮੁਹੱਬਤ ਇਨਸਾਨ ਦੀ ਇਨਸਾਨ ਰਾਹੀਂ ਮਾਨਵਤਾ ਦੀ ਪਛਾਣ ਦਾ ਦੂਸਰਾ ਨਾਮ ਹੈ। ਸ਼ਾਇਰ ਨੇ ਦੁਨਿਆਵੀ ਮੁਹੱਬਤ ਦੇ ਅਰਥ ਬਦਲਣ ਦੀ ਵਕਾਲਤ ਕੀਤੀ ਹੈ। ਇਸ਼ਕ-ਹਕੀਕੀ ਤੇ ਇਸ਼ਕ-ਮਜਾਜ਼ੀ ਦੇ ਅੰਤਰ ਨੂੰ ਸਮਝਣ ਦੀ ਲੋੜ 'ਤੇ ਜ਼ੋਰ ਦਿੰਦਾ ਹੈ। ਸਰੀਰਕ ਖਿਚ ਪਿਤਰੀ ਸੋਚ ਦਾ ਪ੍ਰਤੀਕ ਹੈ। ਸ਼ਾਇਰ ਇਨਸਾਨ ਨੂੰ ਇਸ ਖਲਜਗਣ ਵਿੱਚੋਂ ਬਾਹਰ ਨਿਕਲਣ ਦੀ ਪ੍ਰੋੜ੍ਹਤਾ ਕਰਦਾ ਹੈ। 'ਸਪੇਸ ਕਿਤੇ ਵੀ ਨਹੀਂ' ਸਿਰਲੇਖ ਵਾਲੀ ਕਵਿਤਾ ਵਿੱਚ ਸ਼ਾਇਰ ਲਿਖਦਾ ਹੈ ਕਿ ਲੋਕਾਂ ਨੂੰ ਧਰਮ ਦੇ ਨਾਂ 'ਤੇ ਗੁੰਮਰਾਹ ਕੀਤਾ ਜਾਂਦਾ ਹੈ। ਲੋਕ ਧਰਮਾਂ ਦੇ ਚੱਕਰ ਵਿੱਚ ਫਸ ਗਏ ਹਨ:

ਲÑਵ ਜਹਾਦ
ਕਿਸ ਚੱਕਰਵਿਊ ਵਿੱਚ ਘਿਰ ਗਏ ਸੀ ਆਪਾਂ
ਮੈਂ ਕਦੇ ਮਸੀਤ ਨਹੀਂ ਵੇਖੀ ਸੀ
ਤੂੰ ਕਦੇ ਮੰਦਰ
ਪਰ ਚਿਣ ਦਿੱਤੇ ਗਏ ਸਾਂ
ਕਿਸੇ ਸਾਜ਼ਿਸ਼ ਦੇ ਤਹਿਤ
ਮਜ਼ਹਬ ਦੀਆਂ ਨੀਂਹਾਂ ਵਿੱਚ

ਮੁਹੱਬਤ ਰੂਹ ਦੀ ਖ਼ੁਰਾਕ ਹੁੰਦੀ ਹੈ। ਇਹ ਆਪਸੀ, ਮਿਲਵਰਤਨ, ਸਹਿਹੋਂਦ, ਸਹਿਨਸ਼ੀਲਤਾ ਅਤੇ ਸਲੀਕੇ ਦੀ ਪ੍ਰਤੀਕ ਹੁੰਦੀ ਹੈ। ਇਸਨੂੰ ਇਸ਼ਕ ਦੇ ਨਾਲ ਜੋੜਕੇ ਵੇਖਣਾ ਬਹੁਤਾ ਸਾਰਥਿਕ ਨਹੀਂ ਹੁੰਦਾ। ਇਹ ਤਹਿਜ਼ੀਬ ਦਾ ਦੂਜਾ ਨਾਮ ਹੈ। ਮੁਹੱਬਤ ਵਾਲੀਆਂ ਕਵਿਤਾਵਾਂ ਰਿਸ਼ਤਿਆਂ ਨੂੰ ਪਛਾਣਨ 'ਤੇ ਜ਼ੋਰ ਦਿੰਦੀਆਂ ਹਨ। ਸ਼ਾਇਰ ਦੀਆਂ ਮੁਹੱਬਤ ਨਾਲ ਸੰਬੰਧਤ ਕਵਿਤਾਵਾਂ ਵੀ ਸਮਾਜਿਕਤਾ ਦੀ ਪੈਰਵੀ ਕਰਦੀਆਂ ਹਨ। ਸਮਾਜਿਕ ਕਦਰਾਂ ਕੀਮਤਾਂ ਦੀ ਗਿਰਾਵਟ ਅਤੇ ਸਮਾਜਵਾਦੀ ਸਿਧਾਂਤਾਂ ਤੋਂ ਕਿਨਾਰਾਕਸ਼ੀ ਦਾ ਦੁਖਾਂਤ ਪੇਸ਼ ਕਰਦੀਆਂ ਹਨ। ਰਿਸ਼ਤੇ ਇੱਕ ਦੂਜੇ ਦੇ ਪੂਰਕ ਬਣਨੇ ਚਾਹੀਦੇ ਹਨ। ਪੰਜਾਬ ਦੀ ਵਿਰਾਸਤ ਬਹੁਤ ਅਮੀਰ ਹੈ, ਪ੍ਰੰਤੂ ਪਰੰਪਰਾਵਾਂ ਅਤੇ ਰੀਤੀ ਰਿਵਾਜ਼ ਇਸਤੇ ਭਾਰੂ ਹਨ। 'ਤ੍ਰਿਹਾਏ ਸੇਕ ਦੀ ਠਾਰ', 'ਮੁਕਤੀ ਦੁਆਰ', 'ਚਾਹਤ ਦਾ ਯਟੋਪੀਆ', 'ਇੱਕ ਗੱਲ ਜੇ ਮੈਂ ਕਹਾਂ', 'ਤੇਰੇ ਨਾਮ ਦੀਆਂ ਵਾਰਾਂ' ਅਤੇ 'ਕੁੜੀਆਂ ਚਿੜੀਆਂ ਤੇ ਪੱਥਰ' ਸਿਰਲੇਖ ਵਾਲੀਆਂ ਕਵਿਤਾਵਾਂ ਸਮਾਜ ਵਿੱਚ ਇਸਤਰੀਆਂ 'ਤੇ ਹੋ ਰਹੇ ਦੁਰਾਚਾਰਾਂ ਤੇ ਜ਼ਿਆਦਤੀਆਂ ਦੀ ਗਵਾਹੀ ਭਰਦੀਆਂ ਹਨ। ਔਰਤ ਨਾਲ ਹਰ ਰਿਸ਼ਤੇ ਵਿੱਚ ਅਣਹੋਣੀਆਂ ਹੋ ਰਹੀਆਂ ਹਨ, ਬਲਾਤਕਾਰ, ਕੁੱਟ-ਮਾਰ, ਬੇਇਨਸਾਫ਼ੀ, ਨੀਵਾਂ ਸਮਝਣਾ, ਨਿਹੋਰੇ ਮਾਰਨੇ, ਤਾਅਨੇ ਮਿਹਣੇ, ਬੰਦਸ਼ਾਂ, ਪਤੀ ਪਰਮੇਸ਼ਰ ਹੋਣਾ, ਸਮਾਜਿਕ ਵਿਤਕਰਾ, ਸੈਕਸੁਅਲ ਹਰਾਸਮੈਂਟ, ਰੋਣ ਵੀ ਨਹੀਂ ਦੇਣਾ ਅਤੇ ਭਰੂਣ ਹੱਤਿਆ ਵਰਗੀਆਂ ਲਾਹਣਤਾ ਨੂੰ ਚੁਪ ਕਰਕੇ ਸਹਿਣਾ ਔਰਤ ਦੀ ਤ੍ਰਾਸਦੀ ਦਰਸਾਉਂਦੀਆਂ ਕਵਿਤਾਵਾਂ ਹਨ। ਦੇਸ਼ ਲਈ ਨਾਮਣਾ ਖੱਟਣ ਵਾਲੀਆਂ ਪਹਿਲਵਾਨ ਲੜਕੀਆਂ ਜੇ ਰਾਜਨੀਤਕ ਲੋਕਾਂ ਤੋਂ ਸ਼ੋਸ਼ਣ ਦਾ ਸ਼ਿਕਾਰ ਹਨ ਤਾਂ ਆਮ ਇਸਤਰੀਆਂ ਦਾ ਕੀ ਹਾਲ ਹੋਵੇਗਾ। ਇਸ ਦੇ ਨਾਲ ਹੀ ਸ਼ਾਇਰ ਔਰਤ ਨੂੰ ਹੁਣ ਅਬਲਾ ਨਹੀਂ ਦਲੇਰੀ ਫੜ੍ਹਨ ਦੀ ਤਾਕੀਦ ਵੀ ਕਰਦਾ ਹੈ। ਇਸਤਰੀਆਂ ਨਾਲ ਬਿਨਾ ਵਜਾਹ ਦੇ ਝਗੜੇ ਉਨ੍ਹਾਂ ਦੀ ਜ਼ਿੰਦਗੀ ਨੂੰ ਨਰਕ ਬਣਾਉਂਦੇ ਹਨ। ਹਰ ਗ਼ਲਤ ਕੰਮ ਦੀ ਜ਼ਿੰਮੇਵਾਰ ਔਰਤ ਨੂੰ ਠਹਿਰਾਇਆ ਜਾਂਦਾ ਹੈ। ਔਰਤਾਂ ਨੂੰ ਰਿਸ਼ਤਿਆਂ ਦੇ ਬੰਧਨ ਵਿੱਚ ਬੰਨ੍ਹਕੇ ਬੇਇਨਸਾਫ਼ੀ ਕੀਤੀ ਜਾ ਰਹੀ ਹੈ। ਉਹ ਉਦਾਸ ਤੇ ਨਿਰਾਸ਼ ਰਹਿੰਦੀਆਂ ਹਨ, ਪ੍ਰੰਤੂ ਮੱਖਣ ਮਾਨ ਦੀਆਂ ਕਵਿਤਾਵਾਂ ਇਨ੍ਹਾਂ ਵਿਸੰਗਤੀਆਂ ਦਾ ਮੁਕਾਬਲਾ ਕਰਨ ਲਈ ਹੱਲਾਸ਼ੇਰੀ ਵੀ ਦਿੰਦੀਆਂ ਹਨ। 'ਰੋਹਿਤ ਵੇਮੁਲਾ ਦਾ ਖ਼ਤ' ਸਿਰਲੇਖ ਵਾਲੀ ਕਵਿਤਾ ਵੀ ਕਈ ਸਵਾਲ ਖੜ੍ਹੇ ਕਰਦੀ ਹੈ। ਆਜ਼ਾਦੀ ਦੀਆਂ ਬਰਕਤਾਂ ਆਮ ਲੋਕਾਂ ਨੂੰ ਮਿਲ ਨਹੀਂ ਰਹੀਆਂ, ਫ਼ਿਰਕਾਪ੍ਰਸਤੀ ਦਾ ਦੌਰ ਹੈ, ਭੀੜਤੰਤਰ ਘੱਟ ਗਿਣਤੀਆਂ ਤੇ ਤਸ਼ੱਦਦ ਕਰ ਰਿਹਾ ਹੈ, ਸਮਾਜਿਕ ਵਿਤਕਰੇ ਹੋ ਰਹੇ ਹਨ, ਸ਼ਾਇਰ ਇਨ੍ਹਾਂ ਵਿਰੁੱਧ ਲੜਾਈ ਲੜਨ ਦੀ ਪ੍ਰੇਰਨਾ ਕਰਦਾ ਹੈ। ਹਾਕਮਾ ਦੀ ਨੀਅਤ ਸਾਫ਼ ਨਹੀਂ, ਰੀਝਾਂ ਪੂਰੀਆਂ ਨਹੀਂ ਹੋ ਰਹੀਆਂ ਅਤੇ ਖ਼ੁਸ਼ਹਾਲੀ ਦੀ ਥਾਂ ਮੰਦਹਾਲੀ ਦਾ ਦੌਰ ਹੈ। 'ਅੰਬੇਦਕਰ ਕਿੱਥੇ ਹੈ?' ਕਵਿਤਾ ਦੇਸ਼ ਵਾਸੀਆਂ ਦੇ ਭਾਰਤੀ ਸੰਵਿਧਾਨ ਦੇ ਸਿਧਾਂਤਾਂ ਤੋਂ ਮੁੱਖ ਮੋੜਨ ਦੀ ਤ੍ਰਾਸਦੀ ਦਾ ਬਿਰਤਾਂਤ ਹੈ, ਕਿਉਂਕਿ ਜਿਹੜੇ ਸਪਨੇ ਸਿਰਜਕੇ ਸੰਵਿਧਾਨ ਬਣਾਇਆ ਸੀ, ਭਾਰਤੀ ਉਨ੍ਹਾਂ 'ਤੇ ਪਹਿਰਾ ਦੇਣ ਦੀ ਥਾਂ ਉਸਦੇ ਵਿਰੁੱਧ ਕਾਰਵਾਈਆਂ ਕਰ ਰਹੇ ਹਨ। ਸਰਕਾਰਾਂ ਦੀ ਅਣਵੇਖੀ ਨੂੰ ਭਾਰਤੀ ਵੀ ਅਣਡਿਠ ਕਰ ਰਹੇ ਹਨ। ਸਿਰਫ ਇੱਕ ਦਿਨ ਸੰਵਿਧਾਨ ਦੇ ਨਿਰਮਾਤਾ ਨੂੰ ਯਾਦ ਕਰਕੇ ਕਾਰਵਾਈ ਪਾ ਦਿੰਦੇ ਹਨ। 'ਰੇਤ 'ਚ ਤੈਰਦੀਆਂ ਜਾਮਣੀ ਨਦੀਆਂ' ਸਿਰਲੇਖ ਵਾਲੀ ਕਵਿਤਾ ਵਿੱਚ ਸਾਹਿਤਕਾਰਾਂ ਖਾਸ ਤੌਰ 'ਤੇ ਕਵੀਆਂ ਵੱਲੋਂ ਸਮਾਜ ਪ੍ਰਤੀ ਆਪਣੀ ਜਵਾਬਦੇਹੀ ਨਿਭਾਉਣ ਦੀ ਥਾਂ ਬੇਫ਼ਜ਼ੂਲ ਰਚਨਾਵਾਂ ਲਿਖੀਆਂ ਜਾ ਰਹੀਆਂ ਹਨ, ਜਿਹੜੀਆਂ ਲੋਕ ਹਿੱਤਾਂ ਦੀ ਤਰਜ਼ਮਾਨੀ ਨਹੀਂ ਕਰਦੀਆਂ। ਆਧੁਨਿਕਤਾ ਨੇ ਨੈਟ ਤੇ ਮੋਬਾਈਲ ਰਾਹੀਂ ਸਮਾਜਿਕ ਤਾਣੇ-ਬਾਣੇ ਨੂੰ ਨੁਕਸਾਨ ਪਹੁੰਚਾਇਆ ਹੈ। ਲੋਕ ਦੋਹਰੇ ਕਿਰਦਾਰ ਵਾਲੇ ਹਨ, ਪੰਜਾਬ ਸਰਾਪਿਆ ਪਿਆ ਹੈ, ਨਸ਼ੇ ਭਾਰੂ ਹਨ, ਮਾਵਾਂ ਪੁੱਤ ਨਹੀਂ ਖ਼ੁਦਕਸ਼ੀਆਂ ਜੰਮਦੀਆਂ ਹਨ, ਗੁੰਡਿਆਂ ਦਾ ਰਾਜ ਹੈ, ਇਨਸਾਫ਼ ਨਹੀਂ ਮਿਲਦਾ, ਨੇਕੀ ਤੇ ਬਦੀ ਭਾਰੂ ਹੈ। ਇਨ੍ਹਾਂ ਵਿਸ਼ਿਆਂ ਦੇ ਦੁਆਲੇ ਮੱਖਣ ਮਾਨ ਦੀਆਂ ਕਵਿਤਾਵਾਂ ਘੁੰਮਦੀਆਂ ਹਨ। ਉਹ ਲੋਕ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਸ਼ਇਰ ਹੈ। ਭਵਿਖ ਵਿੱਚ ਮੱਖਣ ਮਾਨ ਤੋਂ ਇਸ ਤੋਂ ਵੀ ਵਧੀਆ ਕਵਿਤਾਵਾਂ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ।

168 ਪੰਨਿਆਂ, 295 ਕੀਮਤ, ਸਚਿਤਰ ਮੁੱਖ ਕਵਰ ਵਾਲਾ ਇਹ ਕਾਵਿ ਸੰਗ੍ਰਹਿ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਤ ਕੀਤਾ ਹੈ।

ਸੰਪਰਕ; ਮੱਖਣ ਮਾਨ ; 9417207627

## ਲੋਕਾਂ ਨੂੰ ਕੀ, ਕਿਉਂ,ਕਿਵੇਂ ਆਦਿ ਵਿਗਿਆਨਕ ਗੁਣਾਂ ਨੂੰ ਅਪਨਾਉਣ ਦੀ ਲੋੜ– ਮਾਸਟਰ ਪਰਮਵੇਦ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਕਈ ਸਾਲ ਪਹਿਲਾਂ ਸੰਗਰੂਰ ਇਲਾਕੇ ਵਿੱਚ ਇੱਕ ਵਿਅਕਤੀ ਬਲ਼ਦ ਲੈ ਕੇ ਘੁੰਮ ਰਿਹਾ ਸੀ । ਇਸ ਬਾਰੇ ਸੰਗਰੂਰ ਸ਼ਹਿਰ ਸਮੇਤ ਨਾਲ ਲਗਦੇ ਇਲਾਕੇ ਵਿੱਚ ਇਹ ਚਰਚਾ ਜ਼ੋਰਾਂ ਤੇ ਸੀ ਕਿ ਇਹ ਬਲ਼ਦ ਲੋਕਾਂ ਦਾ ਭਵਿੱਖ ਦਸਦਾ ਹੈ, ਇਕੱਠ ਵਿੱਚੋਂ ਵਿਅਕਤੀ ਦੇ ਨਾਂ ਜਾਂ ਉਸ ਦੇ ਕਿੱਤੇ ਤੋਂ ਵਿਅਕਤੀ ਦੀ ਪਛਾਣ ਕਰ ਲੈਂਦਾਂ ਹੈ । ਔਲਾਦ ਹੋਣ ਜਾਂ ਨਾ ਹੋਣ ਬਾਰੇ ,ਬੀਮਾਰੀ ਦੇ ਠੀਕ ਹੋਣ ਬਾਰੇ । ਘਰ ਵਿੱਚ ਦੱਬੇ ਖਜ਼ਾਨੇ ਬਾਰੇ ਦੱਸਦਾ ਹੈ।

ਇਸ ਬਲ਼ਦ ਦੇ ਕਰਾਮਾਤੀ ਹੋਣ ਬਾਰੇ ਤਰ੍ਹਾਂ –ਤਰ੍ਹਾਂ ਦੀਆਂ ਅਫਵਾਹਾਂ ਦਾ ਬਜ਼ਾਰ ਗਰਮ ਸੀ । ਬਲ਼ਦ ਦੇ ਕਰਾਮਾਤੀ ਹੇਣ ਦੀ ਖ਼ਬਰ ਇੱਕ ਅਖ਼ਬਾਰ ਵਿੱਚ ਛਪਣ ਤੋਂ ਬਾਅਦ ਲੋਕਾਂ ਨੇ ਤਰਕਸ਼ੀਲਾਂ ਤੋਂ ਇਸ ਬਾਰੇ ਪੁੱਛਣਾ ਸ਼ੁਰੂ ਕਰ ਦਿੱਤਾ । ਜਦ ਇਹ ਅਫਵਾਹ ਬਾਰੇ ਮੈਨੂੰ ਪਤਾ ਲੱਗਿਆ ਤਾਂ ਮੈਂ ਤਰਕਸ਼ੀਲ ਸਾਥੀ ਕ੍ਰਿਸ਼ਨ ਸਿੰਘ ਤੇ ਚਮਕੌਰ ਸਿੰਘ ਨੇ ਸੰਗਰੂਰ ਦੇ ਰੇਲਵੇ ਸਟੇਸ਼ਨ ਪਾਰ ਅਜੀਤ ਨਗਰ ਬਸਤੀ ,ਜਿੱਥੇ ਬਲ਼ਦ ਦਾ ਮਾਲਕ ਰਾਤ ਨੂੰ ਠਹਿਰਦਾ ਸੀ, ਜਾ ਕੇ ਪੂਰੀ ਜਾਣਕਾਰੀ ਹਾਸਲ ਕੀਤੀ ।

ਬਲ਼ਦ ਦੇ ਮਾਲਕ ਬਾਰੇ ਪਤਾ ਲੱਗਿਆ ਕਿ ਇਹ ਰਾਤ ਨੂੰ ਰੱਜ ਕੇ ਦਾਰੂ ਪੀਂਦਾ ਹੈ । ਇਸ ਬਾਰੇ ਹੋਰ ਵੀ ਬਹੁਤ ਸਾਰੀਆਂ ਗੱਲ਼ਾਂ ਇਕੱਠੀਆਂ ਕੀਤੀਆਂ ਤੇ ਇਹ ਵੀ ਪਤਾ ਕੀਤਾ ਕਿ ਇਹ ਬਲ਼ਦ ਮਾਲਕ, ਬਲ਼ਦ ਨੂੰ ਕਿਹੜੇ ਸੰਕੇਤ ਰਾਹੀਂ ਖਾਸ ਵਿਅਕਤੀ ਕੋਲ ਭੇਜਦਾ ਹੈ ਕਿਉਂਕਿ ਇਹ ਤਾ ਸਾਨੂੰ ਪਤਾ ਸੀ ਕਿ ਬਲ਼ਦ ਮਾਲਕ ਬਲ਼ਦ ਨੂੰ ਡੰਡੇ , ਰੱਸੇ ਜਾਂ ਆਪਣੇ ਕਿਸੇ ਦੂਸਰੇ ਸਾਥੀ ਦੇ ਇਸ਼ਾਰੇ ਰਾਹੀਂ ਹੀ ਇਹ ਖਾਸ਼ ਵਿਅਕਤੀ ਕੋਲ ਭੇਜਦਾ ਹੈ । ਉਸ ਤੋਂ ਬਾਅਦ ਅਸੀਂ ਸਥਾਨਕ ਇਕਾਈ ਦੀ ਮੀਟਿੰਗ ਕੀਤੀ ਅਤੇ ਮਿਟਿੰਗ ਵਿੱਚੋਂ ਮੈਨੂੰ ,ਕ੍ਰਿਸ਼ਨ ਸਿੰਘ, ਚਮਕੌਰ ਸਿੰਘ ਅਤੇ ਜਸਵੀਰ ਸਿੰਘ ਨੂੰ ਲੋਕਾਂ ਦੀ ਹਾਜਰੀ ਵਿੱਚ ਇਸ ਅਖੌਤੀ ਕਰਾਮਾਤੀ ਬਲ਼ਦ ਦਾ ਪਰਦਾਫਾਸ਼ ਕਰਨ ਲਈ ਜਿਮੇਵਾਰੀ ਸੌਂਪੀ । ਅਗਲੇ ਦਿਨ ਅਸੀਂ ਰੇਲਵੇ ਰੋਡ ਡਾ. ਰੇਖੀ ਦੇ ਹਸਪਤਾਲ ਦੇ ਨੇੜੇ ਪੁੱਛਾਂ ਦੇ ਰਹੇ ਬਲ਼ਦ ਦੇ ਮਾਲਕ ਕੋਲ ਗਏ ਅਤੇ ਪੁੱਛਿਆ ਕਿ ਇਹ ਬਲ਼ਦ ਕੀ ਕੁੱਝ ਦੱਸਦਾ ਹੈ। ਉਸਨੇ ਕਿਹਾ ਜੋ ਤੁਸੀਂ ਚਾਹੋਗੇਂ ਇਹ ਉਸ ਬਾਰੇ ਸਭ ਕੁੱਝ ਦੱਸਦਾ ਹੈ । ਮੈਂ ਬਲਦ ਦੇ ਮਾਲਕ ਨੂੰ ਭੀੜ ਵਿੱਚੋਂ ਕਿਸੇ ਪਟਵਾਰੀ ਦੀ ਸਨਾਖਤ ਕਰਨ ਬਾਰੇ ਕਿਹਾ ਤਾਂ ਉਸਨੇ ਆਪਣੇ ਬਲ਼ਦ ਨੂੰ ਭੀੜ ਵਿੱਚੋਂ ਪਟਵਾਰੀ ਦੀ ਸ਼ਨਾਖਤ ਕਰਨ ਦਾ ਹੁਕਮ ਦਿੱਤਾ । ਕਿਉਂਕਿ ਅਸੀਂ ਬਲ਼ਦ ਦੇ ਮਾਲਕ ਨੂੰ ਆਪਣੀ ਸ਼ਨਾਖਤ ਹੋਣ ਨਹੀਂ ਦਿੱਤੀ ਸੀ ਤੇ ਉਸਨੇ ਅੰਦਾਜ਼ੇ ਨਾਲ ਬਲ਼ਦ ਨੂੰ ਪਟਵਾਰੀ ਦੀ ਥਾਂ ਇੱਕ ਅਧਿਆਪਕ ਕੋਲ ਖੜਾ ਕਰ ਦਿੱਤਾ ।

ਅਸੀ ਉਸਨੂੰ ਇਹ ਸ਼ੱਕ ਨਹੀਂ ਹੋਣ ਦਿੱਤਾ ਕਿ ਉਸਨੇ ਗਲਤ ਸ਼ਨਾਖਤ ਕੀਤੀ ਹੈ । ਇਸ ਤੋਂ ਬਾਅਦ ਮੈਂ ਉਸਨੂੰ ਇਕੱਠ ਵਿੱਚ ਮੌਜੂਦ ਕ੍ਰਿਸ਼ਨ ਸਿੰਘ ਦੀ ਪਹਿਚਾਣ ਕਰਨ ਲਈ ਕਿਹਾ ਤਾਂ ਬਲਦ ਦੇ ਮਾਲਕ ਨੂੰ ਬਲਦ ਨੂੰ ਕ੍ਰਿਸ਼ਨ ਸਿੰਘ ਦੀ ਥਾਂ ਚਮਕੌਰ ਸਿੰਘ ਕੋਲ ਖੜ੍ਹਾ ਕਰ ਦਿੱਤਾ । ਇਸ ਦੇ ਨਾਲ ਲੋਕਾਂ ਨੇ ਤਾੜੀਆਂ ਮਾਰਨੀਆਂ ਸੁਰੂ ਕਰ ਦਿੱਤਿਆਂ । ਕਿਉਂਕਿ ਉਨ੍ਹਾ ਨੇ ਸੋਚਿਆ ਕਿ ਬਲਦ ਨੇ ਸਹੀ ਸ਼ਨਾਖਤ ਕੀਤੀ ਹੈ ।

ਬਲ਼ਦ ਦਾ ਮਾਲਕ ਬੋਲਿਆ ," ਅਬ ਤੋਂ ਮਾਨਤੇ ਹੋ ਨਾ ਹਮੇ ਵੀ ਕੁਝ ਦੋ ।"

ਮੈਂ ਕਿਹਾ," ਥੋੜਾ ਚਿਰ ਹੋਰ ਰੁਕੋ "। ਏਨੇ ਨੂੰ ਪੱਤਰਕਾਰ ਵੀ ਉਥੇ ਪਹੁੰਚ ਚੁੱਕੇ ਸੀ ਅਤੇ ਬਲ਼ਦ ਦਾ ਮਾਲਕ ਬਲ਼ਦ ਨੂੰ ਨਾਲ ਲੈ ਕੇ ਸ਼ਟੇਸਨ ਪਾਰ ਅਜੀਤ ਨਗਰ ਬਸਤੀ ਜਾ ਪਹੁੰਚਿਆ । ਪੱਤਰਕਾਰਾਂ ਤੇ ਸਾਡੀ ਤਰਕਸ਼ੀਲਾਂ ਦੀ ਟੀਮ ਪੱਲੇਦਾਰਾਂ ਦੇ ਦਫਤਰ ਦੇ ਸਾਹਮਣੇ ਬਲ਼ਦ ਰਾਹੀਂ ਭਵਿੱਖ ਜਾਣ ਰਹੀ ਲੋਕਾਂ ਦੀ ਭੀੜ ਵਿੱਚ ਜਾ ਸ਼ਾਮਿਲ ਹੋਈ ।

ਇੱਕ ਪੱਤਰਾਕਾਰ ਨੇ ਉਸਨੂੰ ਪੁਲਿਸ ਵਾਲੇ ਦੀ ਪਛਾਣ ਕਰਨ ਲਈ ਕਿਹਾਂ । ਬਲ਼ਦ ਦੇ ਮਾਲਕ ਨੇ ਬਲ਼ਦ ਨੂੰ ਪੁਲਿਸ ਮੈਨ ਦੀ ਪਛਾਣ ਕਰਨ ਦਾ ਹੁਕਮ ਦਿੱਤਾ । ਬਲ਼ਦ ਨੇ ਇੱਕ ਅਧਿਆਪਕ ਦੇ ਜਾ ਜੀਭ ਲਾਈ । ਉਸ ਤੋਂ ਬਾਅਦ ਮੈਂ ਇਕੱਠ ਵਿੱਚ ਸ਼ਾਮਿਲ ਇੱਕ ਪ੍ਰੈਸ ਫੋਟੋਗ੍ਰਾਫਰ ਦੀ ਸਨਾਖਤ ਕਰਨ ਲਈ ਕਿਹਾ ਤਾਂ ਬਲ਼ਦ ਨੇ ਪ੍ਰੈਸ ਫੋਟੋਗ੍ਰਾਫਰ ਦੀ ਥਾਂ ਇੱਕ ਡਾਕਟਰ ਨੂੰ ਜਾ ਛੂਹਿਆ ।


ਇਸ ਤੋਂ ਬਾਅਦ ਮੈਂ ਲੋਕਾ ਨੂੰ ਸੰਬੋਧਨ ਕਰਦਿਆਂ ਕਿਹਾ , " ਬਲ਼ਦ ਆਪਣੇ ਮਾਲਕ ਦੇ ਇਸ਼ਾਰੇ ਤੇ ਕੰਮ ਕਰਦਾ ਹੈ । ਇਹ ਸਭ ਕੰਮ ਰੱਸੇ ਤੋਂ ਲੈਂਦਾ ਹੈ । ਅਸਲ ਵਿੱਚ ਬੰਦੇ ਦੀ ਸ਼ਨਾਖਤ ਬਲ਼ਦ ਨਹੀਂ , ਬਲ਼ਦ ਦਾ ਮਾਲਕ ਕਰਦਾ ਹੈ । ਸਾਡੇ ਕਿਸੇ ਬਾਰੇ ਵੀ ਇਹ ਜਾਂ ਇਸ ਦੇ ਬੰਦੇ ਜਾਣਦੇ ਨਹੀਂ ਸਨ । ਇਸ ਲਈ ਇਹ ਚਲਾਕੀ ਨਾਲ ਸਾਡੀ ਕਿਸੇ ਦੀ ਵੀ ਸ਼ਨਾਖਤ ਬਲ਼ਦ ਦੁਆਰਾ ਨਾ ਕਰਵਾ ਸਕਿਆ । ਇਸਦੀ ਸੱਚਾਈ ਲੋਕਾਂ ਦੇ ਸਾਹਮਣੇ ਲਿਆਉਣ ਲਈ ਸਾਡੀ ਤਰਕਸ਼ੀਲਾਂ ਦੀ ਟੀਮ ਨੇ ਇਸ ਦਾ ਪਰਦਾਫਾਸ਼ ਕਰਨ ਦਾ ਮਨ ਬਣਾਇਆ ਸੀ । ਸੱਚ ਤੁਹਾਡੇ ਸਾਹਮਣੇ ਹੈ, ਸਾਡੇ ਦੁਆਰਾ ਪੁੱਛੀਆਂ ਚਾਰੇ ਸ਼ਨਾਖਤਾਂ ਗਲਤ ਦੱਸੀਆਂ ਗਈਆਂ । ਪਟਵਾਰੀ ਦੀ ਥਾਂ ਮਾਸਟਰ , ਕ੍ਰਿਸ਼ਨ ਦੀ ਥਾਂ ਚਮਕੌਰ ,ਪੁਲਿਸ ਵਾਲੇ ਦੀ ਥਾਂ ਅਧਿਆਪਕ , ਪ੍ਰੈਸ ਫੋਟੋਗ੍ਰਾਫਰ ਦੀ ਥਾਂ ਡਾਕਟਰ ਨੂੰ ਛੂਹਿਆ ਹੈ । ਲੋਕਾਂ ਦਾ ਨਜ਼ਰੀਆ ਵਿਗਿਆਨਕ ਨਾ ਹੋਣ ਕਰਕੇ ਉਹ ਝੱਟ ਚਲਾਕ ਲੋਕਾਂ ਦੁਆਰਾ ਫੈਲਾਈਆਂ ਅਖੌਤੀ ਚਮਤਕਾਰੀ ਗੱਲਾਂ ਦੇ ਝਾਂਸੇ ਵਿੱਚ ਆ ਜਾਂਦੇ ਹਨ ।

ਜੇ ਲੇਕਾਂ ਨੂੰ ਕਿਹਾ ਜਾਵੇ ਕਿ ਨਿੰਮ ਵਿੱਚੋਂ ਕਰਾਮਾਤੀ ਦੁੱਧ ਨਿਕਲ ਰਿਹਾ ਹੈ ਤਾਂ ਉਹ ਉੱਧਰ ਭੱਜ ਲੈਂਦੇ ਨੇ । ਜੇ ਕਿਹਾ ਜਾਵੇ ਕਿ ਫਲਾਣਾਂ ਬਾਬਾ ਖੰਭ ਲਾ ਕੇ ਬਿਮਾਰੀਆਂ ਦੂਰ ਕਰਦਾ ਹੈ ਜਾਂ ਫਲਾਣੇ ਨਲਕੇ ਦਾ ਪਾਣੀ ਚਮਤਕਾਰੀ ਹੈ ਤਾਂ ਸਾਡੇ ਲਾਈਲੱਗ ਲੋਕ ਉਸ ਪਾਸੇ ਹੀ ਵਹੀਰਾਂ ਘੱਤ ਲੈਂਦੇ ਨੇ ,ਜੇ ਕੋਈ ਅਖੌਤੀ ਸਿਆਣਾ ਕਹਿ ਦੇਵੇ ਕਿ ਬੱਚੇ ਦੀ ਬਲੀ ਦੇਣ ਨਾਲ ਦੱਬਿਆ ਖ਼ਜ਼ਾਨਾ ਮਿਲ ਜਾਵੇਗਾ/ ਬੇਔਲਾਦ ਦੇ ਔਲਾਦ ਹੋ ਜਾਵੇਗੀ / ਕਾਰੋਬਾਰ ਵਧੇਗਾ ਤਾਂ ਹੈਰਾਨੀ ਦੀ ਗੱਲ ਹੈ ਕਿ ਸਾਡੇ ਕਈ ਲੋਕ ਅਪਣੇ , ਗੁਆਂਢੀ ਜਾਂ ਰਿਸ਼ਤੇਦਾਰ ਦੇ ਬੱਚੇ ਦੀ ਬਲੀ ਦੇਣ ਲਈ ਵੀ ਤਿਆਰ ਹੋ ਜਾਂਦੇ ਨੇ । ਜੇ ਕਿਹਾ ਜਾਵੇ ਕਿ ਬਲੀ ਦੇਣ ਨਾਲ ਰਿਧੀਆਂ –ਸਿਧੀਆਂ ਪ੍ਰਾਪਤ ਹੋ ਜਾਂਦੀਆਂ ਨੇ, ਤਾਂ ਸਾਡੇ ਅੰਧ ਵਿਸ਼ਵਾਸੀ ਤੇ ਲਾਈਲੱਗ ਲੋਕ ਅਜਿਹਾ ਕਰਨ ਲਈ ਵੀ ਤਿਆਰ ਹੋ ਜਾਂਦੇ ਨੇ ।

ਲੋਕ ਆਪਣੇ ਦਿਮਾਗ , ਤਰਕ ਅਤੇ ਦਲੀਲ ਤੋਂ ਕੰਮ ਲੈਣ ਦੀ ਥਾਂ ਅੰਧ ਵਿਸ਼ਵਾਸ, ਲਾਈਲੱਗਤਾ ਤੋਂ ਕੰਮ ਲੈਂਦੇ ਨੇ । ਇਹੀ ਕਾਰਨ ਹੈ ਕਿ ਸਾਡੇ ਗਰੀਬ ਲੋਕਾਂ ਦੀ ਲੁੱਟ ਹੋ ਰਹੀ ਹੈ । ਸਰਕਾਰਾਂ ਜਾਂ ਪ੍ਰਸ਼ਾਸਨ ਨੂੰ ਅਜਿਹਿਆਂ ਅਫਵਾਹਾਂ ਦੀ ਪੜਤਾਲ ਕਰਕੇ ਸੱਚਾਈ ਲੋਕਾਂ ਦੇ ਸਾਹਮਣੇ ਲਿਆਉਣੀ ਚਾਹੀਦੀ ਹੈ । ਸਾਇੰਸ ਨਾਲ ਸਬੰਧਿਤ ਸੰਸਥਾਵਾਂ ,ਕਾਲਜਾਂ ,ਯੂਨੀਵਰਸਿਟੀਆਂ ਦਾ ਇਹ ਫਰਜ਼ ਹੈ ਕਿ ਉਹ ਅਜਿਹੀਆਂ ਗੱਲਾਂ ਦੀ ਪੜਤਾਲ ਕਰਕੇ ਸੱਚ ਲੋਕਾਂ ਸਾਹਮਣੇ ਲਿਅਉਣ ਤਾਂ ਕਿ ਲੋਕਾਂ ਦਾ ਨਜ਼ਰੀਆ ਵਿਗਿਆਨਕ ਬਣ ਸਕੇ ਤੇ ਲੋਕ ਅਪਣੀ ਦਸਾਂ ਨਹੁੰਆਂ ਦੀ ਕਿਰਤ ਵਿਹਲੜ ਲੋਕਾਂ ਨੂੰ ਲੁਟਾਉਣ ਦੀ ਥਾਂ ਆਪਣੇ ਪਰਿਵਾਰ ਤੇ ਖਰਚ ਕਰਨ ।ਲੋਕਾਂ ਨੂੰ ਕੀ, ਕਿਉਂ,ਕਿਵੇਂ ਆਦਿ ਵਿਗਿਆਨਕ ਗੁਣਾਂ ਨੂੰ ਅਪਨਾਉਣ ਚਾਹੀਦਾ ਹੈ ਤਾਂ ਜੋ ਉਹ ਘਟਨਾਵਾਂ ਦੀ ਤਹਿ ਤੱਕ ਜਾਣ ਸਕਣ।"

ਬਲ਼ਦ ਦੇ ਮਾਲਕ ਨੇ ਲੋਕਾਂ ਦੀ ਹਾਜ਼ਰੀ ਵਿੱਚ ਮੰਨਿਆ ਕਿ ਉਸ ਜਾਂ ਉਸਦੇ ਬਲ਼ਦ ਕੋਲ਼ ਕੋਈ ਚਮਤਕਾਰੀ ਸ਼ਕਤੀ ਨਹੀਂ ਹੈ । ਸਭ ਕੁੱਝ ਚਲਾਕੀ ਤਹਿਤ ਹੋ ਰਿਹਾ ਹੈ । ਚਮਤਕਾਰੀ ਬਲਦ ਦਾ ਪਰਦਾਫਾਸ਼ ਕਰਕੇ ਤੇ ਲੋਕਾਂ ਨੂੰ ਵਿਗਿਆਨਕ ਸੋਚ ਅਪਣਾਉਣ ਦਾ ਸੁਨੇਹਾ ਦੇ ਕੇ ਅਸੀਂ ਵਾਪਸ ਪਰਤ ਆ ਗਏ।

## ਕੁੱਜਾ




ਕਾਮ,ਕ੍ਰੋਧ,ਲੋਭ,ਮੋਹ,ਮਾਇਆ ਦੇ ਗੁਲਾਮ
ਜਿੰਦਗੀ ਦਿੱਤੀ ਮੋਇਆ ਨਾ ਮਿਲਿਆ ਮੁਕਾਮ।

ਲੱਖਾਂ ਦੀ ਖਾਕ ਮੈਂ ਮਿੱਟੀ ਮਿਲਾ ਆਇਆ
ਬੁੱਝੀ ਨਾ ਤ੍ਰੇਹ ਅਜੇ ਵੀ ਫਿਰਦਾ ਤਿਰਹਾਇਆ।।

ਵਰਲਡ ਪੰਜਾਬੀ ਟਾਈਮਜ਼ ਸੁਰਿੰਦਰਪਾਲ ਸਿੰਘ

ਲੰਮ ਸਲੰਮੇ ਸੀ ਦੁੱਧ ਮੱਖਣਾਂ ਦੇ ਪਾਲੇ
ਮੈਂ ਕਈ ਗੱਭਰੂ ਆਪਣੇ ਅੰਦਰ ਸੰਭਾਲੇ।

ਤਜ਼ਰਬੇ ਵਿੱਚ ਸੀ ਜੋ ਮੈਥੋਂ ਬਾਹਲੇ ਉੱਤੇ
ਗੋਦ ਮੇਰੀ ਬੈਠ ਹੁਣ ਬੇਖੌਫ ਨੇ ਉਹ ਸੁੱਤੇ।।

ਮੈਂ ਮਿੱਟੀ ਦਾ ਬਣਿਆ ਮਿੱਟੀ ਮਿਲ ਜਾਣਾ
ਤੂੰ ਉਹ ਹੀ ਖਾਣਾ ਕਰਮੀ ਜੋ ਤੇਰੇ ਦਾਣਾ।

ਨਾ ਕਰ ਮੇਰੀ ਮੇਰੀ ਹੋਣਾ ਰਾਖ ਦੀ ਢੇਰੀ
ਯਾਦਗਾਰ ਬਣਾ ਲੈ ਦੁਨੀਆਂ ਦੀ ਫੇਰੀ।।

ਕਿਰਤ ਕਰ,ਨਾਮ ਜੱਪ ਤੇ ਵੰਡ ਕੇ ਤੂੰ ਖਾਂ
ਹਰ ਸ਼ੈਅ ਨਾਸ਼ਵਾਨ ਐਵੇ ਨਾ ਪਾਪ ਕਮਾ।

ਨਿੱਕੀ ਜਿਹੀ ਹਸਤੀ ਮੇਰੀ ਕਾਰਜ ਵੱਡੇਰੇ
ਮੁੱਠੀ ਬਣ ਬੈਠੇ ਨਾਂ ਪੱਕਾ ਜੋ ਸਮਝਦੇ ਬਥੇਰੇ।।